† ਇਹ ਦੋ ਤੁਕਾਂ ਗ੍ਰੰਥ ਸਾਹਿਬ ਵਿਚ ਨਹੀਂ ਹਨ। ਦੂਜੀ ਤੁਕ ਦਾ ਪਾਠ ਏਸ ਤੁਕ ਦੀ ਵਾਲੇ ਵਾਲੀ ਨਾਲ

* ਏਸੇ ਸਲੋਕ ੧੨੮ ਅਤੇ ੧੨੭। ਕੁਝ ਜਿਨ੍ਹਾਂ ਦਾ ਫ਼ਰਕ ਹੈ, ਜਿਸ ਤਰ੍ਹਾਂ ਖਿਵਣੁ ਦੀ ਥਾਂ ਖਿਵਣੁ; ਅਤੇ ਫੇਰ ਦੂਜੇ ਅੰਦਰ ਤੇ ਜਿਨਾਂ ਨੂੰ ਗ੍ਰੰਥ ਸਾਹਿਬ ਵਿਚ ਨਹੀਂ, ਨਕਲ ਸਾਖੀ ਵਿਚ ਨਹੀਂ ਹਨ, ਕਿਉਂਕਿ ਇਹ ਗ੍ਰੰਥ ਸਾਹਿਬ ਤੋਂ ਨਕਲ ਨਹੀਂ ਕੀਤੇ ਗਏ।

ਸਾਖੀ ਵਿਚ ਦਰਸਾਏ ਜਾਂਦੇ ਹੋਰ ਸਲੋਕ ਤੋਰ ਦਿਤਾ ਹੈ:— ਗਰਬੀ ਕੰਤ ਨ ਪਾਈਐ ਕੂੜੇ ਸਭੀ ਸਿਆਣ ਲਿਖ ਹੋਇ॥੨॥

ਤਪੈ ਲੇਸੀ ਨਾਨਕਾ ਵਿਹੁ ਨਾਹੀਂ ਸੁਖ ਸੋਧ। *

ਸ਼ੇਖ ਕਿਹਾ ਨਾਨਕ ਜੀ! ਇਹ ਸਾਹਿਬ ਤਾਂ ਫਲਦਾ ਅਤੇ ਜੀਵ ਲੋਭੀ ਹੈ, ਸਾਹਿਬ ਕਿਉਂਕਰ ਫਲੀਏ। ਤਾਂ ਸ੍ਰੀ ਬਾਬੇ ਜੀ ਸ੍ਰੀ ਰਾਗ ਵਿਚ ਸਬਦ ਉਚਾਰਿਆ:—

ਅਫਲ ਫਲਾਈ ਨਾ ਫਲੈ ਨਹੀਂ ਪਾਉ ਕਦਾਗ ਰਸਾਵੈ।
ਜਿਉਂ ਸਾਹਿਬ ਰਾਖੈ ਤਿਉ ਰਹੈ ਇਸ ਲੋਭੀ ਕਾ ਜੀਉ ਟਲ ਪਲੈ।
ਬਿਨ ਤੇਲ ਦੀਵਾ ਕਿਉਂ ਜਲੈ।
ਕਰ ਚਾਨਣ ਸਾਹਿਬ ਤਉ ਮਿਲੈ।

ਤਾਂ ਸੇਖ ਕਿਹਾ ਸਾਹਿਬ ਜੀ ਬਿਨਾ ਤੇਲ ਦੀਵਾ ਕੈਸੇ ਜਲੇ ਔਰ ਬਿਨ ਦੀਵੇ ਚਾਨਣ ਕੈਸੇ ਹੋਵੇ, ਤਾਂ ਸ੍ਰੀ ਬਾਬੇ ਕਿਹਾ:—

ਕੁਰਾਨ ਕਤੇਬ ਕਮਾਈਐ। ਭਉ ਵਟੀ ਇਤ ਤਨ ਪਾਈਐ।
ਸਚ ਬੂਝਣ ਆਣ ਜਲਾਈਐ। ਬਿਨ ਤੇਲ ਦੀਵਾ ਇਉ ਜਲੈ।
ਕਰ ਚਾਨਣ ਸਾਹਿਬ ਇਉਂ ਮਿਲੈ।

ਤਾਂ ਫਿਰ ਪੀਰ ਕਹਿਆ, 'ਨਾਨਕ! ਇਕ ਖੁਦਾਇ ਦੀ ਵਾਰ ਸੁਣਾਇ, ਅਸਾਨੂੰ ਇਕ ਸਬਬ ਹੈ; ਜੋ ਵਾਰ ਦੂਹ ਬਾਝੂ ਹੋਂਦੀ ਨਾਹੀਂ, ਅਤੇ ਤੂੰ ਇਕੋ ਇਕ ਆਖਦਾ ਹੈਂ, ਏਥਾਂ ਖੁਦਾਇ ਦਾ ਸ਼ਰੀਕ ਤੂੰ ਕਿਹੜਾ ਰਖੀਂਦਾ।' ਤਬ ਬਾਬੇ ਆਖਿਆ, 'ਮਰਦਾਨਿਆ! ਰਬਾਬ ਵਜਾਇ।' ਤਾਂ ਮਰਦਾਨੇ ਰਬਾਬੁ ਵਜਾਇਆ, ~~ਰਾਗੁ ਆਸਾ ਕੀਤਾ, ਬਾਬੇ ਅਨੇਕ ਇਕ, ਅਨੇਕ, ਪਰਿਸਾਰੁ ਪ੍ਰਸਾਦਿ।~~

ਤਾਂ ਸ੍ਰੀ ਗੁਰੂ ਜੀ ਪਉੜੀ ਆਖੀ:—

ਆਪੀਨੈ ਆਪ ਸਾਜਿਓ ਆਪੀਨੈ ਰਚਿਓ ਨਾਉ।
ਦੁਜੀ ਕੁਦਰਤ ਸਾਜੀਐ ਕਰਿ ਆਸਣ ਡਿਠੋ ਚਾਉ।
ਦਾਤਾ ਕਰਤਾ ਆਪ ਤੂੰ ਤੁਸਿ ਦੇਵਹਿ ਕਰਹਿ ਪਸਾਉ।
ਤੂ ਜਾਣੋਈ ਸਭਸੈ ਦੇ ਲੈਸਹਿ ਜਿੰਦ ਕਵਾਉ।
ਕਰਿ ਆਸਣ ਡਿਠੋ ਚਾਉ॥੧॥

ਜਾਂ ਬਾਬੇ ਜੀ ਪਉੜੀ ਆਖੀ ਤੇ ਸ਼ੇਖ ਬ੍ਰਹਮ ਉਠ ਖੜਾ ਹੋਇਆ, ਆਇ ਤਸਲੀਮ ਕੀਤੀਆਸੁ, ਆਖਿਓਸੁ, 'ਨਾਨਕ! ਤੁਧ ਖੁਦਾਇ ਪਾਇਆ ਹੈ, ਤੁਧ ਅਤੇ ਖੁਦਾਇ ਵਿਚ ਫੇਰ ਨਾਹੀ, ਪਰ ਤੂੰ ਮਿਹਰਵਾਨ ਹੋਹੁ, ਜੋ ਅਸਾਡੀ ਭੀ ਖੁਦਾਇ ਨਾਲ ਬਣ ਆਵੇ।' ਤਬ ਬਾਬੇ ਆਖਿਆ, 'ਸ਼ੇਖ ਬ੍ਰਹਮ! ਤੇਰੀ ਭੀ ਖੁਦਾਇ ਨਿਬਾਹੈ।' ਤਬ ਪੀਰ ਨੇ ~~ਫਿਰ~~ ਆਖਿਆ, 'ਜੀ! ਬਰਤਨ ਦੇਹਿ।' ਤਬ ਬਾਬੇ ਕਹਿਆ, 'ਨਾਮ ਬਰਤਨੁ ਹੈ।' ਤਬ ਸ਼ੇਖ ਉਠਿ ਖੜਾ ਹੋਆ। ਬਾਬੇ ਸ਼ੇਖ ਵਿਦਾ ਕੀਤਾ, ਬਾਬਾ ਭੀ ਉਠਿ ਗਇਆ।

---

* ਆਸਾ ਕੀ ਵਾਰ ਮਹਲਾ ੧ → ਸ਼ਲੋਕ ---?

Original with:
Anup Singh, Noida
Digitized by:
Panjab Digital Library

1942
1534 AD
408
50
358 written 300 or 350 years after event

ਜਿਸ ਤਰ੍ਹਾਂ ਦਾ 'ਅਸਰ' ਉਪਰ ਦਿੱਤੀ ਹੈ, ਓਹ ਸਮਾਜ ਦੇ ਏਤਨੀ ਨੇੜੇ ਹੈ ਜਿਤਨੀ ਕੁ ਕਿਤਾਬੀ ਅਸਰ ਤਿਨ ਸੌ ਵਰ੍ਹੇ ਪਿਛੋਂ ਜਨਮਸਾਖੀਆਂ ਦੀ ਮਦਦ ਨਾਲ ਏਸ ਨੂੰ ਬਣਾ ਸਕਦੇ ਹਾਂ। ਪਰ ਕੀ ਸਭ ਇਹ ਮੁਆਤਬਿਰ ਹੋ ਸਕਦੀ? ਗੁਰੂ ਸਾਹਿਬ ਨੇ ਤਾਂ ਇਹ ਸਭ ਲਿਖੇ ਨਹੀਂ, ਆਖਿਰ ਮਰਦਾਨੇ ਨੇ ਹੀ ਸਭ ਆਕੇ ਕਿਸੇ ਸਿੱਖਾਂ ਨਾਲ ਬਿਆਨ ਕੀਤੇ ਹੋਣੇ ਹਨ, ਤੇ ਜ਼ਬਾਨੀ ਜ਼ਬਾਨੀ ਚੱਲਦਾ ਸੱਠ ਵਰ੍ਹੇ ਬਾਅਦ ਲਿਖਣ ਵਾਲੇ ਨੇ ਆਪਣੇ ਪਿਤਾ ਪਿਤਾਮਾ ਤੋਂ ਜਾਂ ਹੋਰਨਾਂ ਤੋਂ ਸੁਣਕੇ ਆਪਣੇ ਤਰੀਕਿਆਂ ਤੋਂ ਦੋ ~~ਪੀੜ੍ਹੀਆਂ~~ ਜਾਂ ਤਿੰਨ ਪੀੜ੍ਹੀਆਂ ਪਿਛੋਂ ਲਿਖੇ। ਲਿਖਣ ਵਾਲੇ ਦੀ ਵਿਦਵਤਾ ਅਤੇ ਆਮ ਵਾਕਫ਼ੀਅਤ ਜਿਸ ਤਰ੍ਹਾਂ ਕਿ ਲਿਖਤ ਤੋਂ ਦਿਸ ਰਿਹਾ ਹੈ ਸਾਨੂੰ ਅਜਕਲ ਦੇ 'ਕ੍ਰਾਈਆਂ'(?) ਜਾਂ 'ਇਤਿਹਾਸਕੀਆਂ' ਤੋਂ ਵਧ ਨਹੀਂ ਹੋ ਸਕਦੀ, ਕੁਝ ਘੱਟ ਹੀ ਹੋਵੇਗੀ। ਸੋ ਇਹਨਾਂ ਹਾਲਾਤ ਵਿਚ ਕਿੰਨੀ ਕੁ ਮੁਆਤਬਿਰ ਇਹ ਅਸਰ ਹੋ ਸਕਦੀ ਹੈ, ਉਸਦਾ ਅੰਦਾਜ਼ਾ ਤੁਸੀਂ ਆਪ ਹੀ ਲਗਾ ਲੋ। ਸਾਡੇ ਏਸ ਕਥਨ ਦੀ ਪੁਸ਼ਟੀ ਜਨਮਸਾਖੀਆਂ ਆਪ ਕਰਦੀਆਂ ਹਨ, ਜਿਨ੍ਹਾਂ ਨੇ ਅਸਰ ਨੂੰ ਜ਼ੋਰ ਦੇਕੇ ਜਿਸ ਤਰ੍ਹਾਂ ਵਧਾਇਆ ਹੈ ਤੇ ਨਵੇਂ ਮੋੜ ਦਿੱਤਾ ਹੈ, ਅਤੇ ਵਿਆਖਿਆ ਕਰ ਦਿੱਤੇ, ਖਾਸ ਕਰਕੇ 'ਮਨੀ ਸਿੰਘ ਵਾਲੀ' ਜਨਮਸਾਖੀ ਦੇ ਲਿਖਣ ਵਾਲੇ ਨੇ।

ਇਕ ਹੋਰ ਪਾਸਿਓਂ ਵੀ ਸਾਡੀ ਪੁਸ਼ਟੀ ਹੁੰਦੀ ਹੈ। ਜਿਸ ਤਰ੍ਹਾਂ ਸਿੱਖਾਂ ਨੂੰ 'ਅਸਰ' ਦੇ ਲਿਖਣ ਵਿਚ ਇਹ ~~[illegible]~~ ਚਾਹ ਸੀ ਕਿ ਗੁਰੂ ਨਾਨਕ ਸਾਹਿਬ ਨੂੰ ਪੀਰਾਂ ਤੋਂ ਵੱਡਾ ਸਿੱਧ ਕੀਤਾ ਜਾਵੇ, ਓਸੇ ਤਰ੍ਹਾਂ ਮੁਸਲਮਾਨਾਂ ਦੀ ਖ਼ਾਹਸ਼ ਹੋਣੀ ਸੀ ਕਿ ਪੀਰ ਸਾਹਿਬ ਨੂੰ ਬਾਬਾ ਨਾਨਕ ਨਾਲੋਂ ਬਜ਼ੁਰਗਤਰ ਬਣਾਇਆ ਜਾਏ। ਚੁਨਾਂਚਿ ਫ਼ਕੀਰਾਂ ਦੇ ਸਾਨੇਕਾਂ(?) ਤੇ ਹੋਰ ~~[illegible]~~ ਸੰਬਰਾਂ(?) ਨੂੰ ਸ਼ੇਖ ਸਾਹਿਬ ਵਿਚੋਂ ਹੀ ਜੋੜਕੇ ਅਤੇ ਹੋਰ ਕਿਤਨੇ ਹੀ ਨਵੇਂ ਸ਼ਨੇਕ(?) ਵਧਾਕੇ ਕਿਸੇ ਸੂਫ਼ੀ ਨੇ ਇਕ ਕਿਤਾਬ* ਉਰਦੂ ਵਿਚ ਲਿਖੀ ਹੈ, ਬੜੇ ਠੀਕ ਇਸ਼ਨੀ(?) ਸਮੇਤ। ਸ਼ੁਰੂ ਵਿਚ ਸ਼ੇਖ ਇਬਰਾਹੀਮ ਨਾਲ ਗੁਰੂ ਨਾਨਕ ਦੇਵ ਦੇ ਮਿਲਨ ਅਤੇ ਚਰਚਾ ਕਰਨ ਦਾ ਹਾਲ ~~ਜਨਮਸਾਖੀ~~ ਭਾਈ ਮਨੀ ਸਿੰਘ ਵਾਲੀ ਜਨਮਸਾਖੀ(?) ਵਿਚੋਂ ਲੈਕੇ ਦਿੱਤਾ ਹੈ, ਅਤੇ ਏਸ ਬਿਆਨ ਨੂੰ ਇਉਂ ਬਦਲ ਦਿੱਤਾ ਹੈ, ਜਿਸ ਤੇ ਸ਼ੇਖ ਇਬਰਾਹੀਮ ਦੀ ਵਡਿਆਈ ਤੇ ਇਸਲਾਮ ਦੀ ਫ਼ਜ਼ੀਲਤ ਜ਼ਾਹਿਰ ਹੋਵੇ, ਅਤੇ ਗੁਰੂ ਨਾਨਕ ਪੀਰ ਸਾਹਿਬ ਦੇ ਇਕ ਭਗਤ(?) ਦੇ ਮੁਆਤਕਿਦ ਨਜ਼ਰ ਆਉਣ। ਚੁਨਾਂਚਿ ਲਿਖਿਆ ਹੈ:—

جواہر فریدی سے روایت ہے کہ گورو نانک صاحب واسطے ملاقات جناب شاہ شیخ براہم
قدس سرہ جو اس زمانہ میں سجادہ نشین صاحب جناب بابا صاحب (فرزند بابا فرید) کے تھے ۔ پاک پٹن شریف
میں تشریف لائے + شہر کے جنوب کی طرف جنگل میں ایک درویش کامل الدین سجادہ نشین
موصوف کے لنگر کے واسطے لکڑیاں چننے کے لئے گیا ہوا تھا ۔ اتفاقاً ملاقی ہوئے + گورو نانک صاحب نے
درویش کو جامہ پہنے ہوئے دیکھ کر دریافت فرمایا کہ آپ کس سلسلہ کے درویش ہیں + اس نے عرض کیا کہ میں جناب سجادہ
نشین بابا صاحب کے دربار کا غلام ہوں + گورو نانک صاحب نے فرمایا کہ تم وہاں جاکر میری طرف سے جناب سجادہ نشین صاحب

---

* ਇਹ ਕਿਤਾਬ ارشادات فریدی (ਇਸ਼ਾਰਾਤ ਫ਼ਰੀਦੀ) ਮੁਸਲਮਾਨਾਂ ਵਲੀ(?) 'ਪੰਜਾਬੀ ਆਨਰਜ਼' ਦੇ ਇਮਤਿਹਾਨ ਲਈ ਇਕ ਕੋਰਸ ਹੈ। ਇਹ ਕਿਤਾਬ ਪੀਰ ਮੁਹੰਮਦ ਹੁਸੈਨ ਦੀ ਲਿਖੀ ਹੈ ਅਤੇ ਸਨ ੧੯੨੭ ਵਿਚ ਲਾਹੌਰ ਵਿਚ ਛਾਪੀ ਗਈ ਸੀ। ਅਤੇ ਏਸ ਕਿਤਾਬ ਨੂੰ ਹਸਬ-ਉਲ-ਅਹਕਾਮ(?) ਸ਼ਾਹ ਸਾਹਿਬ ਫ਼ਕੀਰ ਹੋਰਾਂ ਲਿਖੀ ਗਈ ਦੱਸਿਆ ਹੈ।

Original with:
Anup Singh, Noida
Digitized by:
Panjab Digital Library

کی خدمت میں التماس کرنا کہ دو تین فقیر صورت آپکی ملاقات کے لئے آئے ہیں + اگر ارشاد عالی ہو - تو شہر میں حاضر ہو کر نیاز حاصل کریں - ورنہ آنجناب بذات خود جنگل میں ملاقات کے واسطے قدم رنجہ فرماویں - تو عین سعادت ہے - تاکہ تنہائی میں ملاقات کیجاوے + خادم مذکور نے جاکر آنجناب کی خدمت میں عرض کیا کہ جنگل میں دو تین فقیر ملاقات کے لئے آئے ہیں - اور امیدوار نیاز کے ہیں + تب آنحضرت گورو نانک صاحب کے ملاقات کے لئے روانہ ہوئے - اور ہر دو صاحبان کی اس مکان پر ملاقات ہوئی جسکو اب ہندو لوگ نانک سر اور مسلمان لوگ فتح اللہ نوری شاہ کہتے ہیں - اور خیما بین ہندرجہ ذیل سوال و جواب ہوئے +

* سوال بابا گورو نانک صاحب :- پڑھتے پڑھتے دند گھسے کیے نہ گیتی ہود

*جواب شاہ براہم :- اکو حرف پریم کا پڑھے سو پنڈت ہو + متھے تیوڑی دور کر - پتا سٹیں دھو +

سوال ن - صاحب دیاں دو حداں کسنوں پکڑاں کسنوں چھڈاں (یعنی ست اور اسست)

ج - صاحب کی دو حد + سچ نوں پکڑ - کوڑ نوں چھڈ +

ن - کلمہ کہاں تاں گل پوے بن کلمہ بھی ناں - ہندو کہاں تاں ماریا - مسلمان بھی ناں

ج - دو ملاں دے پانی وار پی - جی پا یو ھگواں - اکو برہم پچھاں کے دنیا ناسی جان

بعد ازیں گورو نانک صاحب نے عرض کیا کہ ہم نے ایک کتاب تعلیم ارشاد توحید ذات پاک ہندی زبان میں طیار کی ہے + جسمیں اکثر موحدان ہند کے کلام بھی درج کئے ہیں + اسواسطے آپکی خدمت فیضدرجت میں التماس ہے کہ آپ براہ مہربانی جناب بابا صاحب کے اروح مقدسہ سے اجازت لیدیں کہ آنجناب کی کلام مبارک بھی اس کتاب میں درج کیجاوے + چنانچہ شیخ براہم صاحب قدس سرہ نے جبتنا گورو نانک صاحب اروح مقدس جناب بابا فرید صاحب سے اجازت لیدی + اسواسطے گورو نانک صاحب نے تمام شلوک ارشاد کردہ بابا فرید صاحب گرنتھ صاحب میں درج فرمادئے + گورو نانک صاحب اور شیخ براہم صاحب جو کہ فرید ثانی رحمتہ اللہ علیہ کے نام سے مشہور ہو چکے ہیں جناب بابا صاحب اول کی گیارھویں پشت میں لبدہ ہوئے ہیں +

ہر دو صاحبان موصوف ہم عصر ہیں - اور جناب بابا فرید صاحب اول ساڑھے تین سو سال ان ہر دو صاحبان سے پیشتر ہوئے ہیں + جسطرح سے جناب بابا فرید صاحب رحمت اللہ علیہ کے اروح مبارک کے دربار پاک پٹن شریف میں معرفت برزخ جناب شیخ براہم صاحب گورو نانک صاحب کو شلوک فریدی کے گرنتھ صاحب میں درج کرنے کے بارہ میں الہام ہوا تھا + ویسے ہی دربار موصوف سے اسی جگہ معرفت برزخ (Middleman or the Intermediate Link)

جناب شاہ و شیخ حضرت مولانا و مرشدنا پیر محمد حسین صاحب چشتی فریدی بدری صابری و قادری پاک پٹنی شہنشاہ ولایت چشتیہ کے احقر العباد لمترین گوشہ نشین زاویہ گمنامی شارح کتاب ہذا کے واسطے گرنتھ صاحب کے شلوک ہائے ہذا کے انتخاب کرنے اور انکی تشریح مع آیات اور حدیثات مطابق ہر شلوک کے لئے الہام ہوا + اسواسطے یہہ کتاب ہر خاص و عام کے فیض و ارشادات کے واسطے تیار کروادی - تاکہ صفحہ روزگار پر ہمیشہ کے لئے ایک یادگار ثبت شدہ قائم رہے + (یعنی شرح وغیرہ تو پیر محمد حسین کی تصنیف ہے اور تمہید و بیان ملاقات والا حصہ ارشاد فریدی کا لکھنے والا منشی جیشی رام مشتاق فرید کوٹی ہے جو کہ مولف کتاب ہذا ہے +)

ਨੋਟ ਉਪਰ ਦਿੱਤਾ ਲੇਖ, ~~ਲੋ~~ ਇਕ ਸਿਰੇ ਤੋਂ ਦੂਜੇ ਤਕ ਗਲਤੀਆਂ ਨਾਲ ਭਰਿਆ ਹੋਇਆ ਹੈ। ਪਰ ਪਾਠਕ ਵੇਖ ਸੱਕਨ ਕਿ ਅਨੁਵਾਦ ਲੇਖਕਾਂ ਦੇ ਹਥ ਵਿਚ, ਇਕ ਇਤਿਹਾਸ ਕਿਸ ਤਰਾਂ ਵਸਤੂ ਦਾ ਰੂਪ ਬਦਲ ਜਾਂਦਾ ਹੈ। ਅਤੇ ਦੋਹਾਂ ਨਿਖਨਵਾਲਾ ਕੀ ਸੁਣੀਆਂ ਦਾ ਇਕ ਇਹ ਅੰਸ਼ ਦਿਲੋਂ ਸੁਗੀਰ ਹੈ।

---

* ਇਹਨਾਂ ਪ੍ਰਸ਼ਨਾਂ ਜਵਾਬਾਂ ਦੀ ਬੜੀ ਸੋਹਣੀ ਤਸਵੀਰ, ਕਰਮ ਦੇ ਵਾਰ ਨਾਲ ਦੇਕੇ ਕੀਤੀ ਹੈ।

Original with:
Anup Singh, Noida
Digitized by:
Panjab Digital Library

।੬ ਜੂਨ ੧੯੨੮

[illegible]

ਜਿਓਂ ਜਿਓਂ ਮੈਂ ਇਹ ਪੜ੍ਹਿਆ 'ਜਵਾਹਰੇ-ਫ਼ਰੀਦੀ' ਮੇਰਾ ਵਾਕਫ਼ ਸਮਝਦਾ ਹਾਂ', ਤਾਂ ਮੈਂ ਖ਼ੁਸ਼ ਹੋਇਆ, ਅਤੇ ਇਹ ਉਮੀਦ ਬੱਝਦੀ ਗਈ ਕਿ ਪਾਣ ਤੋਂ ਪਾਰ ਹੁਣ ਮੈਨੂੰ ਇਕ ਹੋਰ ~~[illegible]~~ ਮੁਸਤਨਦ ਜ਼ਰੀਆ ਜਿਹੜਾ ਤੋਂ ਸ਼ੇਖ਼ ਬ੍ਰਹਮ ਨਾਲ ਮੇਲਾਪ ਦਾ ਖ਼ਿਆਲ ਮਿਲ ਜਾਏਗਾ। ਮੈ ਢੂੰਡ ਢੂੰਡ 'ਜਵਾਹਰੇ ਫ਼ਰੀਦੀ' ਪੜ੍ਹੀ ਗਈ ਅਤੇ ਉਸ ਨੂੰ ਇਕ ਸਿਰੇ ਤੋਂ ਦੂਜੇ ਤਕ ਪੜ੍ਹਕੇ ਇਹ ਦੇਖਕੇ ਹੈਰਾਨ* ਹੋਇਆ ਕਿ ਉਸ ਵਿਚ ਨਾ ਕਿਤੇ ਨਾਨਕ ਤੇ ਨਾ ਬ੍ਰਹਮ ਦੇ ਨਾਮ ਹੀ ਆਏ ਹਨ, ਨਾ ਉਹਨਾਂ ਦੇ ਮਿਲਣ ਦਾ ਕੋਈ ਇਸ਼ਾਰਾ ਹੀ, ਕੀਤਾ ਗਿਆ ਹੈ; ਅਤੇ ਏਥੋਂ ਤਕ ਕਿ ਇਸ ਤਰਾਂ ਪਤਾ ਵੀ ਨਹੀਂ ਕਿ 'ਜਵਾਹਰੇ ਫ਼ਰੀਦੀ' ਲਿਖੀ ਹੀ ਜਹਾਂਗੀਰ ਪਾਤਸ਼ਾਹ ਦੇ ਸਮੇਂ ਵਿਚ ਗਈ ਸੀ। ਕੋਈ ਪਤਾ ਨਾ ਨਵੀਨ ਸ਼ੇਖ਼ ~~[illegible]~~ ਬ੍ਰਹਮ ਜਾਂ ਸ਼ਾਹ ਬ੍ਰਹਮ (ਜਿਸ ਨੂੰ ਇਬਰਾਹੀਮ ਆਮ ਮਸ਼ਹੂਰ ਕੀਤਾ ਹੈ) ਨਾਮ ਦਾ ਪਾਠ ਪੜ੍ਹਨ ਦੀ ਗਈ ਪਰ ਨਹੀਂ ਹੋਇਆ। ਬਾਬਾ ਫ਼ਰੀਦ ਦੀ ~~[illegible]~~ ਔਲਾਦ ਦੇ ਦੋਸਤੇ ਨਾਲ ਨ ਕਦੀ ਨਾਮੇ ਉਥੇ ਤਕ ਦੇ ਦਿੱਤੇ ਹਨ, ਉਹਨਾਂ ਵਿਚ ਵੀ ਕੋਈ ਇਬਰਾਹੀਮ ਦਾ ਜ਼ਿਕਰ ਨਹੀਂ ਸੀ। ਅੰਤ ਪਤਾ ਲਗਾ ਕਿ 'ਜਵਾਹਰੇ-ਫ਼ਰੀਦੀ' ਦੇ ਮੁਅੱਲਿਫ਼ ਨੇ 'ਸ਼ੇਖ਼ ਬ੍ਰਹਮ' ਦਾ ਹੀ 'ਸ਼ੇਖ਼ ਬ੍ਰਹਮ' ਬਣਾ ਲਿਆ ਹੈ, ਅਤੇ ਏਥੋਂ ਤਕ 'ਕਮਾਲ' ਜਾਂ 'ਜਮਾਲ' ਦਾ 'ਜਮਾਲੁੱਦੀਨ' ਬਣਾ ਲਿਆ ਹੈ। ਬਾਕੀ 'ਤਵਾਰੀਖ਼ ਖ਼ਾਲਸਾ' ਗਿਆਨੀ ਗਿਆਨ ਸਿੰਘ ਨੂੰ ਮੁਸਲਮਾਨਾਂ ਨੇ ਆਪਣੇ ਮਤਲਬ ਲਈ ਵਰਤ ਕੇ ਵਡ ਵਡੇ ਟੱਪੇ 'ਸ਼ੇਅਰ' ਵਿਚ ਪਾ ਦਿੱਤੇ ਹਨ। ਸ਼ੇਖ਼ ਸਾਹਿਬ ਨੂੰ ਗੁਰੂ ਨਾਨਕ ਸਾਹਿਬ ਦਾ ਇਕੱਠਾ ਕੀਤਾ ਸਮਝਿਆ ਹੈ, ਅਤੇ ਏਥੇ ਤੋਂ ਬਾਬਾ ਫ਼ਰੀਦ ਤੋਂ ਗੁਰੂ ਨਾਨਕ ਸਾਹਿਬ ਦੇ ਦੋਨੋਂ ਤਕ ਜੋ ੩੫੦ ਵਰ੍ਹੇ ਬੀਤੇ ਹਨ ਉਹ ਨਤੀਜਾ ਕੱਢਿਆ ਹੈ। ਸ਼ੇਖ਼ ਸਾਹਿਬ ਦੇ ਜਨਮ ਦਾ ਸਾਲ ਪ੍ਰਸਿੱਧ ਸੰਮਤ ੧੬੬੧ ਹੈ ਕੇ ਉਸਦੇ ਮੁਕਾਬਲੇ ਸਨ ਹਿਜਰੀ ੧੦੨੪ ਕੱਢਿਆ ਹੈ, ਜਿਸ ਸਨ ਵਿਚ ਸ਼ੇਖ਼ ਸਾਹਿਬ ਬਣਿਆ ਕਿਹਾ ਹੈ। ਜੋ ਸਨ ੧੦੨੪ ਹਿਜਰੀ ਵਿਚੋਂ ਬਾਬਾ ਫ਼ਰੀਦ ਦੇ ਦੇਹਾਂਤ ਦਾ ਮਸ਼ਹੂਰ ਸਨ ੬੬੪ ਕੱਢ ਕੇ ਬਾਕੀ ੩੬੦ ਵਰ੍ਹੇ ਬਚਦੇ ਹਨ; ਹਾਲਾਂਕਿ ਗੁਰੂ ਨਾਨਕ ਸਾਹਿਬ ਸ਼ੇਖ਼ ਸਾਹਿਬ ਬਣਨ ਤੋਂ ਕੋਈ ੬੬ ਵਰ੍ਹੇ ਪਹਿਲੇ ਸਮਾਪਤ ਹੋਏ ਸਨ। ਬਾਬਾ ਫ਼ਰੀਦ ਦੀ ਰੂਹ ਨੇ ਪੰਜਾਬ ਦਾ ਨਵੀਨ ਦੀ ਲਾਹੀਂ ਆਪਣੀ ਬਾਣੀ ਲਿਖਣੀ ਇਹ ਖ਼ਿਆਲ ਕੀ ਸਿੱਖਾਂ ਤੋਂ ਹੀ ਲਿਆ ਹੈ। ਸਿੱਖ ਕਿਹਾ ਕਰਦੇ ਹਨ ਕਿ ਜਦ ਗੁਰੂ ਅਰਜਨ ਦੇਵ ਨੇ ~~[illegible]~~ ਬਾਣੀ ਗ੍ਰੰਥ ਦੇ ਰਾਹੋਂ ਸ਼ੇਖ਼ ਸਾਹਿਬ ਲਿਖਵਾਇਆ ਤਦ ਭਗਤਾਂ ਕਈ ਭਗਤਾਂ ਦੀਆਂ ਰੂਹਾਂ ਨੇ ਹਾਜ਼ਰ ਹੋਕੇ ਆਪੋ ਆਪਣੀ ਬਾਣੀ ਲਿਖਵਾਈ। ਸਿੱਖਾਂ ਨੇ ਇਹ

[illegible]

---

* ਪੰਜਾਬ ਵਿਚ ਤੋਂ ਮੈਂ ਪਸ਼ੀ ਲੋਕਾਂ ਦੀਆਂ ਲਿਖੀਆਂ ਕਿਤਾਬਾਂ ਤੇ ਮਜ਼ਮੂਨਾਤੀ ਕਹਿੰਦਾ ਹਾਂ। ਇਕ ਵਾਰ ਇਹ ਹੋਇਆ ਹੈ ਕਿ ਮੈਨੂੰ ਉਹਨਾਂ ਦੀ ਸਚਾਈ ਤੋਂ ਵਿਸ਼ਵਾਸ ਉਠ ਗਿਆ ਹੈ ਅਤੇ ਇਹ ਮੇਰਾ ਮੁਕਾ ਬਣ ਗਿਆ ਹੈ ਕਿ ਇਹੋ ਜਿਹੀਆਂ ਕਿਤਾਬਾਂ ਨੂੰ ਸਦਾ ਸ਼ੱਕ ਦੀ ਨਿਗਾਹ ਨਾਲ ਦੇਖਦਾ ਹਾਂ। 'ਜਵਾਹਰੇ ਫ਼ਰੀਦੀ' ਦੇ ਮੁਤਾਲੇ ਵਿਚ ਆਪਣੇ ਸ਼ੁਬਹੇ ਦੇ ਇਜ਼ਹਾਰ ਕੀਤਾ ਅਤੇ ਪੱਕਾ ਖ਼ਿਆਲ ਪਰ ਇਕ ਗਵਾਹ ਹੋਇਆ ਕਿ ਸ਼ੇਖ਼ ਇਬਰਾਹੀਮ ਦੇ ਸਬੰਧੀ ਗੱਲ ਮੈਨੂੰ 'ਜਵਾਹਰੇ-ਫ਼ਰੀਦੀ' ਵਿਚ ਮਿਲ ਗਈ, ਜਿਸ ਤਰਾਂ ਕਿ ਏਸ ਲੇਖ ਦੇ ਸ਼ੁਰੂ ਵਿਚ ਮੈਂ ਦੱਸ ਆਇਆ ਹਾਂ।

ਪੰਜ ~~[illegible]~~ ਪਸ਼ੀਆਂ ਦਾ ਲੇਖ ਇਹ ਹੈ ਕਿ ਉਹਨਾਂ ਦੀ ਦਲੀਲ ਸਕਤੀ ਨੂੰ ਇਕ ਖਈ

[illegible]

Original with;
Anup Singh, Noida
Digitized by;
Panjab Digital Library

ਇਹ ਤੁੱਕ ਗ੍ਰੰਥ ਸਾਹਿਬ ਨੂੰ ਨਾ ਸਿਰਫ ਉਸਦੀ ਸਿਖਿਆ ਵਲੋਂ ਹੀ, ਸਗੋਂ ਆਪਣੇ ਆਕਾਰ ਤੇ
ਲਗਾਂ ਮਾਤ੍ਰਾਂ ਤਕ ਈਸ਼ਵਰੀ ਜਾਂ ਇਲਹਾਮੀ ਸਿਧ ਕਰਨ ਲਈ ਘੜੀ ਸੀ, ਕਿਉਂਕਿ ਜੇਕਰ
ਗੁਰੂ ਸਾਹਿਬਾਨ ਦੀ ਬਾਣੀ ਇਲਹਾਮੀ ਸੀ, ਤਾਂ ਭਗਤ ਬਾਣੀ ਜਿਹੜੀ ਪ੍ਰਤਖ ਵਿਚ
ਮੂੰਹ ਜਬਾਨੀ ਦਰ ਜਬਾਨੀ ਅਪੜੇ ਜਾਂ ਕਿਤੇ ਕਿਤੇ ਲਿਖਤ ਮਨਤ ਲਿਖੇ ਗੀਤ ਭਜਨ ਕਿਉਂ ਹੋਣ।
ਭਾਵੇਂ ਏਸ ਬਾਣੀ ਦੇ ਅੰਦਰ ਹੀ ਸਿਆਣੇ ਆਦਮੀ ਲਈ ਕਾਫ਼ੀ ਗਵਾਹੀ ਮੌਜੂਦ ਹੈ ਜਿਸ ਤੋਂ
ਸਿਧ ਹੁੰਦਾ ਹੈ ਕਿ ਜਿਸ ਵੇਲੇ ਗੁਰੂ ਸਾਹਿਬ ਇਹ ਬਾਣੀ ਲਿਖਦੇ ਰਹੇ ਸਨ, ਤਾਂ ਖੁਲੇ ਪਤੇ
ਜਿਨ੍ਹਾਂ ਉਤੇ ਇਹ ਬਾਣੀ ਲਿਖੀ ਹੋਈ ਸੀ, ਉਹਨਾਂ ਦੇ ਹਥ ਵਿਚ ਸਨ।

ਸੋ ਸਾਰੇ ਅੱਡ ਅੱਡ ਬਿਆਨ ਪੜ੍ਹਕੇ ਪਕੀ ਗੱਲ ਜੋ ਨਿਸਚੇ ਹੁੰਦੀ ਹੈ, ਬਸ ਏਹਨੀ
ਹੀ ਹੈ ਕਿ ਗੁਰੂ ਨਾਨਕ ਸਾਹਿਬ ਮਰਦਾਨੇ ਨੂੰ ਨਾਲ ਲੈਕੇ ਕਰਤਾਰਪੁਰ ਤੋਂ ਪਾਕਪਟਨ ਗਏ,
ਜਿਸ ਤੋਂ ਫ਼ਕੀਰ ਇਜ਼ੱਤ ਜੋਗ ਖਾਨ ਮੁਸਲਮਾਨਾਂ ਲਈ ਪੰਜਾਬ ਵਿਚ ਹੋਰ ਕੋਈ ਨਹੀਂ ਸੀ ਅਤੇ
ਗੁਰੂ ਸਾਹਿਬ ਓਥੇ ਜਾਣ ਦੀ ਖਿਚ ਵਾਜਬੀ ਸੀ। ਸ਼ੇਖ਼ ਇਬਰਾਹੀਮ ਜੋ ਉਸ ਵੇਲੇ ਗਦੀ ਪੁਰ
ਸਨ ਬਹੁਤ ਬ੍ਰਿਧ ਸਨ, ਭਾਵੇਂ ਗਦੀ ਪੁਰ ਬੈਠਿਆਂ ਉਹਨਾਂ ਨੂੰ ਕੁਛ ਸੱਤ ਵਰ੍ਹੇ ਹੀ ਹੋਏ ਸਨ।
ਗੁਰੂ ਨਾਨਕ ਸਾਹਿਬ ਦੀ ਉਹਨਾਂ ਨਾਲ ਮੁਲਾਕਾਤ, ਉਹਨਾਂ ਦੀ ਮੌਤ ਤੋਂ ਬਹੁਤ ਥੋੜਾ ਚਿਰ ਹੀ
ਪਹਿਲੋਂ ਹੋਈ। ਏਸ ਮੁਲਾਕਾਤ ਦੇ ਮੌਕਿਆ ਪੁਰ ਦਰਵੇਸ਼ੀਅਤ, ਸੂਫ਼ ਮਸਲਿਆਂ ਅਤੇ
ਧਾਰਮਕ ਕਮਾਈ ਦੇ ਵਿਸ਼ਿਆਂ ਪਰ ਵਾਰਤਾਲਾਪ ਹੋਈ। ਕੀਹ ਸਲੋਕ ਤੇ ਕੀਹ ਸ਼ਬਦ
ਦੋਹਾਂ ਵਲੋਂ ਵਰਤੇ ਬੋਲੇ ਗਏ, ਏਸ ਵੇਰਵੇ ਦਾ ਕੋਈ ਪਤਾ ਥੋਹ ਨਹੀਂ। ਸਾਖੀਆਂ ਵਗੈਰਾ
ਵਿਚ ਜੋ ਸਲੋਕ ਉਸ ਵੇਲੇ ਕਹੇ ਗਏ ਦਸੇ ਹਨ, ਉਹ ਲਿਖਣਵਾਲਿਆਂ ਦੇ ਆਪਣੇ ਮਨੋ
ਘੜੇ ਹੋਏ ਹਨ, ਅਜਿਹੇ ਸਲੋਕ ਭੀ ਵੇਲੇ ਗਏ ਵਿਚਲੇ ਜੋ ਪਰਖ ਰਹੇ ਹਨ, ਜੋ ਉਸ ਵੇਲੇ
ਮੌਜੂਦ ਹੀ ਨਹੀਂ ਸਨ।

ਗੋਸ਼ਟ ਜਾਂ ਮੁਕਾਲਮਾ ਜੋ ਸ਼ੁਰੂ ਤਾਂ ਕੀਤੀ ਹੋਈ ਸੀ, ਕਲੀ ਤੇ ਪਰਗਟ ਹੋਈ ਅਜਿਹੀ
ਬਣੀ ਤਕਾਂ ਹੈ ਕਿ ਦੋਹਾਂ ਸਿਰਾਂ ਬਾਬਾ ਨਾਨਕ ਅਤੇ ਪੀਰ ਇਬਰਾਹੀਮ ਦੀ ਇਜ਼ੱਤ ਸਾਡੇ
ਦਿਲਾਂ ਵਿਚ ਨਹੀਂ ਵਧਾਂਦੀ, ਦੋਹਾਂ ਦੀ ਸ਼ਾਨ ਤੋਂ ਉਹ ਬਹੁਤ ਨੀਵੀਂ ਹੈ, ਅਤੇ
ਲੇਖਕ ਦੇ ਦਰਜੇ ਅਤੇ ਕਿਸ ਅਗਿਆਨਤਾ ਦੀ ਸੂਚਕ ਹੈ। ਸ਼ੁਰੂ ਵਿਚ ਦੂਜੇ ਵਿਚੋਂ ਨਹੀਂ
ਨਿਕਲਦੇ, ਅੰਦਰ ਅਣਢੁਕਵਾਂਪਣ ਲਿਖ ਗਏ ਹਨ, ਜਵਾਬ ਦੀ ਉਹ ਜਿਹੇ ਹੀ ਹਨ। ਪੀਰ ਸਾਹਿਬ
ਅਚਨਚੇਤ ਇਕ ਛੁਰੀ ਮੰਗਦੇ ਹਨ ਜਿਵੇਂ ਕਿਸੇ ਨੂੰ ਜ਼ਬਾਹ ਕਰਨਾ ਹੁੰਦਾ ਹੈ। ਭਾਵੇਂ ਛੁਰੀ

ਹੋਰ ਕਰਾ ਹੁੰਦਾ ਹੈ ਅਤੇ ਪਖਪਾਤ ਦਾ ਭੂਤ ਸਿਰ ਚੜ੍ਹਿਆ ਹੋਇਆ ਹੈ ਜੋ ਲਿਖਣ ਵਿਚ ਨਹੀਂ
ਆਉਂਦਾ। ਪੈਰੋਕਾਰ ਧਰਮੀ ਨੇ ਆਪਣੇ ਪਰਮੇਸ਼ਰ, ਸਰ ਪੀਰ ਨੂੰ ਅਭੁੱਲ ਅਤੇ ਸਰਾਪਣੀ ਧਰਮ
ਪੁਸਤਕ ਨੂੰ ਰੱਬ ਦੇਣ ਅਤੇ ਗ਼ਲਤੀ ਤੋਂ ਸੁਥਰਾ ਮੰਨ ਵਿਖਾਇਆ ਹੁੰਦਾ ਹੈ, ਅਤੇ ਇਹਨਾਂ ਨੂੰ
ਦੂਜੇ ਮਜ਼ਹਬ ਵਾਲਿਆਂ ਦੇ ਪੀਰ ਪੈਗੰਬਰ ਅਤੇ ਕਿਤਾਬੋਂ ਪਾਕ ਤੋਂ ਵਧੀਆ ਅਤੇ ਉਚੇ ਸਾਬਤ
ਕਰਨ ਦੀ ਮਜਬੂਰੀ ਹੁੰਦੀ ਹੈ, ਜਿਸ ਕਰਕੇ ਜੀਤੇ ਬਗਾਨੇ ਛੁਰੇਨ ਵਿਚ ਸਾ ਸੁਕਾ ਗ਼ਲਤ-
ਬਿਆਨੀਆਂ ਹੋਜਾਂਦੀਆਂ ਹਨ ਅਤੇ ਦਦੀ ਦਾਦੀ ਜਾਣਬੁਝਕੇ ਝੂਠ ਬੋਲਣੇ ਪੈਂਦੇ ਹਨ ਅਤੇ ਢੰਗ
ਢੰਗ ਪੜੋ, ਜਿਥੇ ਇਹੋ ਕੁਝ ਕਰਦੇ ਹਨ। ਅਭੁੱਲ ਗੁਰੂ ਪੀਰਾਂ ਅਤੇ ਇਲਹਾਮੀ ਕਿਤਾਬਾਂ ਵਿਚ ਵਿਸ਼ਵਾਸ
ਨਾ ਸਿਰਫ ਵਿਦਵਾਨੀ ਨੂੰ ਰੁਕਾਵਟ ਜਾਂ ਵਿਰੋਧਾਵਾਦੀ, ਝੂਠਾ, ਮਿਥਿਆਕਾਰ ਭੇਖੀ ਬਣਾਂਦਾ ਹੈ, ਸਗੋਂ ਸਾਰੇ
ਫ਼ਿਰਕਿਆਂ, ਧਰਮਰੂਪਾਂ, ਅਤੇ ਜਗਤ ਵਿਚ ਬਹੁਤ ਸਾਰੀ ਦੁਬਿਧਾ ਦਾ ਮੂਲ ਕਾਰਣ ਵੀ ਇਹੋ ਵਿਸ਼ਵਾਸ ਹੈ।

Original with:
Anup Singh, Noida
Digitized by:
Panjab Digital Library

ਰੂਪਕ ਅਲੰਕਾਰ ਦੋਨੋਂ ਹੀ ਵਰਤਿਆ ਹੈ, ਪਰ ਇਹ ਕ੍ਰਿਆ ਤੋਂ ਕੀ ਉਪਮਾ ਹੈ ਜੋ ਸਮਾਨ ਕਰਮਣਾਂ ਦੇ ਦੋ ਮਨ ਦੀ ਇੱਛਾ ਨੂੰ ਪ੍ਰਗਟ ਕਰਦੀ ਹੈ। ਇਹ ਆਖਿਆ ਗਿਆ ਹੈ ਕਿ ਸ਼ੁਭ ਕਰਮਾਂ ਨੂੰ ਬਸ ਕਰਨਾ ਖ਼ੂਬ, ਸਾਰ ਪਾਣੀ ਹੀ ਜ਼ਰੂਰੀ ਹੈ, ਅਰਥੀ ਵਿਆਕਰਨ ਦੀ ਸਿੱਖਿਆ ਦੇਣ ਲਈ ਤਦ ਕ੍ਰਿਆ ਪਦ ਦੀ ਵਰਤੋਂ ਕਰਨ ਲਈ ਜ਼ਰੂਰ ਉਨਾਂ ਨੂੰ ਫੜਨਾ ਪਊ ਹੀ ਸਕੇਗਾ, ਅਤੇ ਜੋ ਪਦਜੋੜ ਦੀ ਉਦਾਹਰਨ ਦੇਣੀ ਹੈ ਤਦ ਇਹ ਸਿਆਣਾ ਸਾਰ ਆਵੇਗੀ 'ਜੋੜ ਨੇ ਉਸ ਨੂੰ ਸਮਿਆਂ' ... । ਜੋ ~~ਲਿਖਤੀ~~ ਲੇਖਕ ਨੇ ਇਹਨਾਂ ਦਾ ਇਹ ਖਿਆਲ ਲਿਖ ਕਰ ਦਿਖਾਈ।

ਪੰਜ ਸ਼ਲੋਕ ਅਜਿਹੇ ਦਿੱਤੇ ਹਨ ਜੋ ਗ੍ਰੰਥ ਸਾਹਿਬ ਸ਼ੇਖ਼ ਫ਼ਰੀਦ ਦੇ ਨਾਮ ਤੇ ਨਾਂ ਦਿੱਤੇ, 130 ਸ਼ਲੋਕਾਂ ਵਿਚੋਂ ਹਨ; ਇਹਨਾਂ ਵਿਚੋਂ ਖਾਲੀ ਇਕ ਹੀ ਗੁਰੂ ਨਾਨਕ ਦੇਵ ਦਾ ਹੈ, ਇਕ ਤੀਸਰੀ ਪਾਤਸ਼ਾਹੀ ਦਾ ਅਤੇ ਤਿੰਨ ਸ਼ੇਖ ਫ਼ਰੀਦ ਦੇ ਜੋ ਸ਼ੇਖ ਇਬਰਾਹੀਮ ਨੇ ਫੁਆਹ ਦੋਨੋਂ ਆਪਣੇ ਬਜ਼ੁਰਗ ਦੇ ਪੇਸ਼ ਕੀਤੇ ਲਿਖੇ ਹਨ, ਜੈਦੇ ਕਿ ਨਾ ਤੋਏ, ਏਸਦਾ ਕੋਈ ਪਤਾ ਨਹੀਂ॥ ਬਸ ਏਤਨੀ ਕਮਜ਼ੋਰ ਬੁਨਿਆਦ ਤੇ ਇਹ ਅਨੁਮਾਨ ਖੜਾ ਕਰਦੇ ਹਨ, ਕਿ ਸਾਰੇ ਸ਼ਲੋਕ ਅਤੇ ਹੋਰ ਜੋ ਬਾਣੀ ਸ਼ੇਖ਼ ਫ਼ਰੀਦ ਦੇ ਨਾਮ ਤੇ ਹੈ, ਉਹ ਸਭ ਦੀ ਸਭ ਅਸਲ ਵਿਚ ਸ਼ੇਖ ਇਬਰਾਹੀਮ ਦੀ ਹੈ ਜਿਸਨੇ ਫ਼ਰੀਦ ਦੇ ਨਾਮ ਪਰ ਇਹ ਰਚੀ, ਇਹ ਇਕ ਅਣੋਖੀ ਦਲੀਲ ਹੈ ਅਤੇ ਏਸਦੇ ਲਿਖਣ ਵਾਲੇ ਕੌਣ ਹਨ ਮਿਸਟਰ ਮੈਕਾਲਿਫ਼, ਜਿਨ੍ਹਾਂ ਨੇ ਮਾਲੂਮ ਹੁੰਦਾ ਹੈ ਰਤਾ ~~ਭੀ~~ ਭਰ ਦੀ ਏਸ ਮੁਆਮਲੇ ਵਿਚ ਆਪਣੀ ਵਿਚਾਰ ਤੋਂ ਕੰਮ ਨਹੀਂ ਲਿਆ, ਜੋ ਕੁਝ ਮਿਸਟਰ ਗਾਰ ਸਿੱਖਾਂ ਵਿਚੋਂ ਕਿਸੇ ਨੇ ਦਸਿਆ, ਉਹ ਅਲੋਕਾਰ ਲਿਖ ਦਿਤਾ। ~~...~~ ਅਪ੍ਰੈਲ ਸਨ 1925 ਦੇ 'ਦੀ ਸਿਖ ਰੀਵੀਊ' ਵਿਚ ਅਸਾਂ ਇਕ ਤਕਰੀਰੀ ਲੇਖ ਇਸ ਗਲ ਦਾ ਛਾਪਿਆ ਸੀ, ਅਤੇ ਇਹ ਸਿੱਧ ਕੀਤਾ ਸੀ ਕਿ ਸ਼ਲੋਕ ਅਤੇ ਹੋਰ ਬਾਣੀ ਖ਼ੁਦ ਬਾਬਾ ਫ਼ਰੀਦ ਸ਼ਕਰਗੰਜ ਦੀ ਆਪਣੀ ਹੀ ਹੈ, ਉਨ੍ਹਾਂ ਦੇ ਕਿਸੇ ਗਦੀਦਾਰ ਦੀ ਨਹੀਂ। ਉਸ ਲੇਖ ਦੇ ... ਦੀ ਨਕਲ ... ਕਰਕੇ ... ਛੁਟਕਾਰਾ ਆਖੀ ਅਗੇ ਦੇਂਦੇ ਹਾਂ।

III- ਕੀ 'ਬਾਣੀ' ਸ਼ੇਖ਼ ਫ਼ਰੀਦ ਦੀ ਹੈ ਜਾਂ ਸ਼ੇਖ਼ ਇਬਰਾਹੀਮ ਦੀ।

ਜੋ ਸ਼ਲੋਕ ਅਤੇ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਸ਼ੇਖ਼ ਫ਼ਰੀਦ ਦੇ ਨਾਮ ਹੇਠਾਂ ਦਿੱਤੇ ਗਏ ਹਨ, ਕੀ ਉਹਨਾਂ ਦਾ ਕਰਤਾ ਬਾਬਾ ਫ਼ਰੀਦ ਸ਼ਕਰਗੰਜ ਸਨ ਜਾਂ ਕਿ ਸ਼ੇਖ਼ ਇਬਰਾਹੀਮ, ਜਿਸਦਾ ਦੂਸਰਾ ਨਾਮ, ~~[illegible]~~ ਮੈਕਾਲਿਫ਼ ਸਾਹਿਬ ਆਖਦੇ ਹਨ, 'ਫ਼ਰੀਦ ਸਾਨੀ' (ਅਰਥਾਤ ਦੂਜਾ ਫ਼ਰੀਦ) ਸੀ? ਇਹ ਸਵਾਲ ਕੁਝ ਚਿਰ ਦਾ ਸਿੱਖਾਂ ਵਿਚ ਖੜਾ ਹੋਇਆ ਹੈ। ਜੇਕਰ ਵਿਸ਼ੇ ਦੇ ਮੋਤੀ ਸੱਚੇ ਤੇ ਚੰਗੀ ਆਬ ਦੇ ਹੋਣ, ਤਦ ਇਹ ਜਾਨਣ ਦੀ ਕੋਈ ਭਾਰੀ ਲੋੜ ਨਹੀਂ ਜੋ ਉਹ ਕਿਹੜੇ ਸਮੁੰਦਰ ਤੋਂ ਨਿਕਲੇ ਸਨ, ਲੰਕਾ ਟਾਪੂ ਦੇ ਨੇੜਿਓਂ ਜਾਂ ਖਲੀਜ ਫ਼ਾਰਸ ਵਿਚੋਂ। ਪਰ ਇਹ ਨਵਾਂ ਖ਼ਿਆਲ ਕੁਝ ਅਜਿਹੀ ਪੱਕੀ ਗੱਲ ਦਸਕੇ ਲਿਖਿਆ ਹੈ, ਅਤੇ ਕਈ ਸਿੱਖ ਲੇਖਕ ਭੀ ਬਿਨਾ ਸੋਚੇ ਸਮਝੇ ਇਸ ਗੱਲ ਨੂੰ ਦੁਹਰਾਉਂਦੇ ਹਨ ਕਿ ਏਸ ਸਵਾਲ ਪੁਰ ਵਿਚਾਰ ਜ਼ਰੂਰੀ ਹੋ ਗਿਆ। ਨਾਲੇ ਪੰਜਾਬੀ ਬੋਲੀ ਦੀ ਤਾਰੀਖ਼ ਵਾਸਤੇ ਇਸ ਸਵਾਲ ਦਾ ਠੀਕ ਠੀਕ ਉੱਤਰ ਬੜੀ ਅਹਮੀਅਤ ਰਖਦਾ ਹੈ।

ਮੈਕਾਲਿਫ਼ ਸਾਹਿਬ ਨੇ ਭਾਵੇਂ ਏਸਨੂੰ ਯਕੀਨੀ ਗੱਲ ਕਿਹਾ ਹੈ, ਪਰ ਪ੍ਰਗਟ ਆਪ ਲਿਖਦੇ ਹੋਏ ਸਾਬਤ ਸਾਬਿਤ ਕਰਨ ਲਈ ਕੋਈ ਦਲੀਲ ਜਾਂ ਵਜਹ ਨਹੀਂ ਦਿੱਤੀ, ਨਾ ਦਿੱਤੇ ਆਪਣੀ ਕਿਤਾਬ The Sikh Religion ਵਿਚ ਤੇ ਜਾਂ ਕਦੇ ਅਗੇ ਪਿਛੇ ਹੀ ਕਿਸੇ ਲੇਖ ਵਿਚ ਇਸ ਸਵਾਲ ਪਰ ਬਹਸ ਕੀਤੀ ਹੈ। ਆਪਣੀ ਕਿਤਾਬ ਵਿਚ ~~[illegible]~~ ਇਹ ਜ਼ਰੂਰ ਲਿਖ ਦਿਤਾ ਹੈ ਕਿ:—

It is certain that it was Sh. Brahm who composed the shlokas and hymns bearing the name of Farid in the Granth Sahib, though he used the name of the founder of his spiritual line, as his <u>nom</u>-<u>de</u>-<u>plume</u>.

ਕਿਤਾਬ ਦੇ ਲਿਖਣ ਵਿਚ ਕਈ ਸਿੱਖ ਉਹਨਾਂ ਦੇ ਮਦਦਗਾਰ ਸਨ, ਜਿਨ੍ਹਾਂ ਵਿਚੋਂ ਕਿਸੇ ਦੇ ਕਹੇ ਪਰ ਮੈਕਾਲਿਫ਼ ਸਾਹਿਬ ਨੇ ਇਹ ਲਿਖ ਤੇ ਦਿਤਾ, ਪਰ ਏਸ ਪਰ ਬਹਸ ਕਰਨੀ ਜਾਂ ਕੋਈ ਦਲੀਲ ਇਹ ਰਾਏ ਪ੍ਰਗਟ ਕਰਨ ਦੀ ਵਜਹ ਦਸਣ ਦੀ ਖੇਚਲ ਨਹੀਂ ਕੀਤੀ। ਉਹਨਾਂ ਦੀ ਕਿਤਾਬ ਵਿਚ ਹੋਰ ਥਾਂ ਇਹ ਲਿਖਿਆ ਹੈ ਕਿ ਬਾਬਾ ਫ਼ਰੀਦ ਮਸ਼ਹੂਰ ਫ਼ਾਰਸੀ ਵਿਚ ਹੀ ਗਲਬਾਤ ਕਰਦੇ ਸਨ, ਅਤੇ ਅਗੇ ਏਸੇ ਗੱਲ ਦੀ ਪੁਸ਼ਟਤਾ ਕਰਨ ਲਈ ਐਥੇ ਇਹ ਲਿਖਿਆ ਹੈ ਕਿ ਜਿਸ ਵੇਲੇ ਬਾਬਾ ਫ਼ਰੀਦ ਜੰਮੇ ਸਨ, ਤਦ ਇਹ ਅਰਬੀ ਦੇ ਲਫ਼ਜ਼ ਉਹਨਾਂ ਦੀ ਜ਼ਬਾਨੋ ਨਿਕਲੇ: 'ਯਾ ਹੈਯੁ! ਯਾ ਕੱਯੂਮ!' ਅਗੇ ਜਿਸਦਾ ਮੈਕਾਲਿਫ਼ ਯਕੀਨ ਕਰਦੇ ਸਨ ਕਿ ਦਸ ਨਿਕਲਣ ਵੇਲੇ ਉਹਨਾ ਸਮਸਮ ਜਾਂ ਨੇ ਕੁਰਬਾਨ! ਕਹਨਾ ਸੀ।

ਪਰ ਜੋ ਕੁਝ ਵੀ ਹੋਵੇ, ਉਪਰਲਾ ਦਾਅਵਾ ਬੋਲੀ ਦੇ ਸਬੰਧ ਦੀ ਕੀਤਾ ਗਿਆ ਜਾਪਦਾ ਹੈ। ਏਸ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਬਾਬਾ ਫ਼ਰੀਦ ਚੰਗੇ ਫ਼ਾਰਸੀ ਅਰਬੀ ਪੜ੍ਹੇ ਹੋਏ ਸਨ, ਅਤੇ ਹਜ਼ਾਰਾਂ ਸ਼ਿਅਰ ਤੇ ਹੋਰ ਫ਼ਾਰਸੀ ਦੀ ਆਮ ਜਾਰੀ ਸ਼ਾਇਰੀ ਦੇ ਥੋੜ ਉਹਨਾਂ ਦੇ ਨੋਕ ਜ਼ਬਾਨ ਸਨ, ਅਤੇ ਹਰ ਮੌਕਿਆ ਤੇ ਢੁਕਵੇਂ ਹੋਣਾਂ ਪਰ ਆਉਂਦੇ ਸਨ। ਇਹ ਭੀ ਠੀਕ ਹੈ ਜੋ ਜਦ ਫ਼ਾਰਸੀ-ਬੋਲਣ ਵਾਲੇ ਦਰਬਾਰਿਤੀ ਮੁਸਲਮਾਨ

Original with:
Anup Singh, Noida
Digitized by:
Panjab Digital Library

ਜਾਂ ਤਾਂ ਆਪਣਿਆਂ ਨਾਲ ਗਲਬਾਤ ਕਰਨੀ ਪੈਂਦੀ ਸੀ ਜਾਂ ਅਜਿਹੇ ਲੋਕਾਂ ਨੂੰ ਜਦ ਕਦੇ
ਦਾਅਵਤ ਕਰਨਾ ਹੁੰਦਾ ਸੀ (ਮੁਲਾਕਾਤ) ਤਦ ਫ਼ਾਰਸੀ ਹੀ ਬੋਲਦੇ ਸਨ। ਪਰ ਇਸ ਗਲ
ਦਾ ਕੋਈ ਸਬੂਤ ਨਹੀਂ ਕਿ ਉਹ ਸਾਰੀ ਜੀਵਨ ਵਿਚ ਮੁਤਬਾਦਲ ਹੀ ਫ਼ਾਰਸੀ ਬੋਲਿਆ
ਕਰਦੇ ਸਨ, ਅਤੇ ਇਸ ਬਾਤ ਦਾ ਸਬੂਤ ਤਾਂ ਉੱਕਾ ਹੀ ਨਹੀਂ ਕਿ ਉਹ ਆਪਣੇ ਦੇਸ ਦੀ
ਬੋਲੀ, ਜਿਥੇ ਜੰਮੇ ਪਲੇ ਸਨ, ਜਾਣਦੇ ਹੀ ਨਹੀਂ ਸਨ, ਜਾਂ ਪੰਜਾਬੀ ਦੇ ~~ਜੱਟਾਂ ਦੀ ਬੋਲੀ~~
ਜਿਨ੍ਹਾਂ ਵਿਚ ਉਨ੍ਹਾਂ ਦੀ ਸਾਰੀ ਉਮਰ ਲੰਘੀ ਸੀ ਦੇ
ਕਿਸਾਨਾਂ ਦੀ ਬੋਲੀ, ਜਿਨ੍ਹਾਂ ਪਰ ਉਨ੍ਹਾਂ ਦਾ ਸਾਰਾ ਗੁਜ਼ਾਰਾ ਆਸਰਾ ਸੀ, ਲਿਖ ਜਾਂ ਬੋਲ ਨਹੀਂ
ਸਕਦੇ ਸਨ। ਬਾਬਾ ਫ਼ਰੀਦ ਦੇ ਜੀਵਨ ਪਰ ਬਹੁਤ ਕਿਤਾਬਾਂ ਉਰਦੂ ਫ਼ਾਰਸੀ ਵਿਚ ਲਿਖੀਆਂ
ਮੁਸਲਮਾਨਾਂ ਦੀਆਂ ਮੈਂ ਦੇਖੀਆਂ ਹਨ, ਕਿਤੇ ਇਸ ਕਿਸਮ ਦਾ ਕੋਈ ਦਾਅਵਾ ਨਹੀਂ ਕੀਤਾ
ਗਿਆ ਮੈਂ ਨਹੀਂ ਪੜ੍ਹਿਆ। ਸਗੋਂ ਇਸਦੇ ਉਲਟ ਕਈ ਕਹਾਣੀਆਂ ਉਨ੍ਹਾਂ ਕਿਤਾਬਾਂ ਵਿਚ
ਲਿਖੀਆਂ ਮਿਲਦੀਆਂ ਹਨ, ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਬਾਬਾ ਫ਼ਰੀਦ ਮੁਤਬਾਦਲ
ਦੇਸੀ ਬੋਲੀ ਹੀ ਬੋਲਦੇ ਸੀ।

ਲਿਖਿਆ ਹੈ ਕਿ ਜਦ ਬਾਬਾ ਫ਼ਰੀਦ ਜੀ ਖ਼੍ਵਾਜਾ ਕੁਤਬ-ਉਦ-ਦੀਨ ਆਪਣੇ ਪੀਰ
ਦੀ ਖ਼ਿਦਮਤ ਵਿਚ ਹੀ ਸਨ, ਤਦ ਪੀਰ ਦੀ ਜਿਮੇ ਲਗੀ ਉਨ੍ਹਾਂ ਨੇ (ਪੀਣ ਲਈ) ਪਾਣੀ ਗਰਮ ਕਰਨਾ ਸੀ। ਉਹ
ਰਾਤ ਸੀਤ ਰੁੱਤ ਬਹੁਤ ਸੀ, ਅਤੇ ਘਰ ਦੀ ਅੱਗ ਬੁਝ ਗਈ ਸੀ। ਬਾਬਾ ਫ਼ਰੀਦ ਸਦੇ ਬਾਹਰ
ਅਤੇ ਅੱਗੇ ਲਈ ਹਨੇਰੀ ਰਾਤ ਵਿਚ ਬਹੁਤ ਦੂਰ ਦੂਰ ਤਕ ਫਿਰ ਗਿਰੇ, ਪਰ ਕਿਤੇ ਨਾ ਚਾਨਣ
ਤੇ ਨਾ ਅੱਗ ਹੀ ਲੱਭੇ। ਫੇਰ ਕਦ ਵਿਚ ਬੁਢੀ ਔਰਤ ਦੇ ਘਰ ਪਰ ਪਹੁੰਚੇ, ਜਿਸਨੇ ਇਹ
ਸ਼ਰਤਾਂ ਇਸ ਪ੍ਰਕਾਰ ਉਤੇ ਦੇਣੀਆਂ ਮਨਜ਼ੂਰ ਕੀਤੀਆਂ, ਕਿ ਬਾਬਾ ਫ਼ਰੀਦ ਆਪਣੀ ਸੱਜੀ
ਅੱਖ ਦਾ ਦੇਣਾ ਕਰ ਦੇਵੇ। ਬਾਬਾ ਫ਼ੌਰ ਝੱਟ ਆਪਣਾ ਦੇਣਾ ਕਬੂਲਿਆ ਅਤੇ ਅੱਖ ਨੂੰ
ਪੂਰਾ ਪਾੜ ਕੇ ਦੇ ਦਿੱਤਾ ਲਿਆ ਅਤੇ ਉਪਰ ਪਗੜੀ ਦਾ ਲੜ ਲਪੇਟ ਲਿਆ। ਜਦ ਖ਼੍ਵਾਜਾ
ਸਾਹਿਬ ਨੂੰ ਵੁਜ਼ੂ ਕਰਾ ਰਹੇ ਸਨ, ਤਦ ਖ਼੍ਵਾਜਾ ਸਾਹਿਬ ਨੇ ਅੱਖ ਬਧੀ ਦੇਖਕੇ ਪੁਛਿਆ
"ਕਿ ਅੱਖ ਨੂੰ ਕੀ ਹੋਇਆ ਹੈ"। ਬਾਬਾ ਫ਼ਰੀਦ ਨੇ ਜਵਾਬ ਦਿੱਤਾ "ਅੱਖ ਆ ਗਈ ਹੈ"।
ਤਿਸਪਰ ਖ਼੍ਵਾਜਾ ਸਾਹਿਬ ਨੇ ਫ਼ਰਮਾਇਆ "ਆ ਗਈ ਹੈ ਤਾਂ ਪੱਟੀ ~~[illegible]~~ ਖੋਲ੍ਹ ਦੇਵੋ"। ਜਦ
ਪੱਟੀ ਖੋਲੀ ਤਾਂ ਅੱਖ ਠੀਕ ਹੋਈ ਸੀ।

ਇਸ ਕਹਾਣੀ ਦਾ ਸਾਰਾ ਦਾਰਮਦਾਰ ਇਸ ਪੰਜਾਬੀ ਮੁਹਾਵਰੇ ਉਤੇ ਹੈ ਜੋ
'ਅੱਖ ਆ ਗਈ ਹੈ'। ਇਸਤੋਂ ਇਹ ਸਿਧ ਹੈ ਕਿ ਪੀਰ ਤੇ ਮੁਰੀਦ ਆਪੋ ਵਿਚ
ਮਾਮੂਲੀ ਗਲਾਂ ਕਰਦੇ ਮੁਤਬਾਦਲ ਦੇਸੀ ਬੋਲੀ ਹੀ ਵਰਤਦੇ ਸਨ।

ਇਕ ਹੋਰ ਕਹਾਣੀ ਇਸ ਤਰਾਂ ਪਰ ਹੈ ਕਿ ਸ਼ੇਖ਼ ਫ਼ਰੀਦ, ਸ਼ੇਖ਼ ਬਹਾ-ਉਲ-ਹੱਕ
ਅਤੇ ਕੁਝ ਹੋਰ ਦੋਸਤ ਮਿਲਕੇ ਸ਼ੇਖ਼ ਸੁਫ਼ ਦੀ ਮੁਲਾਕਾਤ ਨੂੰ ਗਏ। ਜਦ ਅੰਦਰ
ਦਰਗਾਹ ਤੇ ਅਪੜੇ, ਪਰ ਬੈਠਣ ਲਈ ਕੋਈ ਲਾਇਕ ਤਖਤਾ ਨਹੀਂ ਸੀ। ਫ਼ਰੀਦ ਨੇ
ਆਪਣੀ ਕੰਬਲੀ ਧਰਤੀ ਉਤੇ ਵਿਛਾ ਦਿਤੀ ਅਤੇ ਉਸਪਰ ਇਹ ਸਾਰੇ ਬੈਠਕੇ ਗਿਆਨ
ਧਰੇ। ਸ਼ੇਖ਼ ਸੁਫ਼ ਨੇ ਆਪਣੇ ਘਰ ਦੀ ਖਿੜਕੀ ਵਿਚੋਂ ਜਦ ਇਨ੍ਹਾਂ ਨੂੰ ਇਸ ਤਰਾਂ
ਦਰਗਾਹ ਵਿਚ ਆਏ ਦੇਖਿਆ, ਤਦ ਸਭਾ ਕਰਨ ਲਈ ਕੰਬਲ ਨੂੰ ਤਰਨੇ ਹਟਾ
ਦਿਤਾ। ਬਾਬਾ ਫ਼ਰੀਦ ਨੇ ਬਦ-ਦੁਆ ਦਿਤੀ ਕਿ ਜਿਸਨੇ ਸਾਡਾ ਕੰਬਲ
ਤਰੋਂ ਹਟਾਇਆ ਹੈ, 'ਉਸਦੇ ਸਿਰ ਸਿੰਗ'। ਇਹ ਲਫ਼ਜ਼ ਬਾਬਾ ਫ਼ਰੀਦ ਦੇ ਮੂੰਹੋਂ

Original with;
Anup Singh, Noida
Digitized by;
Panjab Digital Library

ਇਹ ਲਫ਼ਜ਼ ਨਿਕਲਨ ਦੀ ਦੇਰ ਸੀ, ਕਿ ਸ਼ੇਖ਼ ਸੂਫ਼ ਦੇ ਸਿਰ ਤੇ ਸਿੰਗ ਉਗ ਆਏ ਅਤੇ ਉਸਦਾ ਸਿਰ ਧਰਤੀ ਵਿਚ ਧਸ ਗਿਆ।

ਦੋਹਾਂ ਤੋਂ ਹੀ ਸਿੱਧ ਹੈ ਕਿ ਜਿਹੜੇ ਦੋਵੇਂ ਹੀ ਲਫ਼ਜ਼ ਬਾਬਾ ਫ਼ਰੀਦ ਦੇ ਮੂੰਹੋਂ ਨਿਕਲੇ, ਉਹ ਦੇਸੀ ਹੀ ਸਨ, ਜਿਹੜੀ ਦੇਸੀ ਬੋਲੀ, ਉਹਨਾਂ ਦੀ ਮਾਦਰੀ ਜ਼ਬਾਨ ਹੁੰਦੀ ਸੀ। ਜੋ ਕਿ ਸਹੀ ਗੱਲ ਸੀ।

ਇਸੇ ਤਰ੍ਹਾਂ ਕਿਹਾ ਜਾਂਦਾ ਹੈ ਕਿ ਬਾਬਾ ਫ਼ਰੀਦ ਨੇ ਤਖ਼ਤ ਹਜ਼ਾਰਾ ਦੇ ਚੌਧਰੀ ਮੰਗਲਸੇਨ ਨੂੰ ਮੁਸਲਮਾਨ ਕੀਤਾ, ਤਦ ਉਸਨੂੰ 'ਮੰਘੂ' ਨਾਮ ਦਿੱਤਾ, ਜਿਹੜਾ ਨਾਮ ਕਿ ਮੰਗਲਸੇਨ ਦੀ ਥਾਂ ਰਖਿਆ ਹੀ ਜਾਪਦਾ ਸੀ। ਮੰਢਣਾ ਦੇ ਚੌਧਰੀ ਨੂੰ ਗੋਤ ਸਮੇਤ ਮੁਸਲਮਾਨ ਕਰਕੇ ਉਹਨਾਂ ਨੂੰ ਨਾਮ 'ਵਜੀਰ' ਦਿੱਤਾ। ਇਕ ਹੋਰ ਆਦਮੀ ਨੂੰ ਪਿਆਰ ਨਾਲ 'ਭਈਆ ਜੀਵ' ਕਹਿਕੇ ਬੁਲਾਇਆ ਕਰਦੇ ਸਨ। ਇਹ ਕਹਿਨ ਦੀ ਲੋੜ ਨਹੀਂ ਕਿ 'ਮੰਘੂ', 'ਵਜੀਰ' 'ਭਈਆ' ਇਹ ਲਫ਼ਜ਼ ਨਾ ਅਰਬੀ ਦੇ ਹਨ ਨਾ ਫ਼ਾਰਸੀ ਦੇ।

ਸਾਨੂੰ ਇਹਨਾਂ ਕਹਾਣੀਆਂ ਦੇ ਸਚ ਝੂਠ ਦੇਖਣ ਦੀ ਲੋੜ ਨਹੀਂ। ਬਸ ਏਤਨਾ ਜਾਨਣ ਦੀ ਲੋੜ ਹੈ ਕਿ ਬਾਬਾ ਫ਼ਰੀਦ ਦੇਸੀ ਜਾਂ ਪੰਜਾਬੀ ਬੋਲੀ ਬੋਲਦੇ, ਇਸ ਗਲ ਵਿਚ ਉਹਨਾਂ ਦੇ ਜੀਵਨ ਪਰ ਕਿਤਾਬਾਂ ਲਿਖਨ ਵਾਲਿਆਂ ਨੂੰ ਕੁਝ ਭੀ ਅਨੋਖਾ ਨਜ਼ਰ ਨਹੀਂ ਆਇਆ। ਉਹ ਇਸ ਕਰਕੇ ਬਗੈਰ ਕਿਸੇ ਤਰ੍ਹਾਂ ਹਿਚਕਚਾਣ ਦੇ ਖੁੱਲਮ ਖੁੱਲਾ ਮੰਨਦੇ ਹਨ ਕਿ ਸ਼ਲੋਕ ਅਤੇ ਹੋਰ 'ਸਬਦ' ਜੋ ਸ਼ੇਖ਼ ਫ਼ਰੀਦ ਦੇ ਨਾਮ ਪਰ ਦਿੱਤੇ ਹਨ, ਉਹ ਬਾਬਾ ਫ਼ਰੀਦ ਸ਼ਕਰਗੰਜ ਦੇ ਹੀ ਹਨ। ਸਗੋਂ ਉਹ ਹੋਰ ਭੀ ਕਈ ਦੋਹਿਰੇ ਤੇ ਸ਼ਲੋਕ ਬਾਬਾ ਫ਼ਰੀਦ ਦੇ ਬਣਾਏ ਦਸਦੇ ਹਨ, ਜਿਨ੍ਹਾਂ ਦਾ ਗ੍ਰੰਥ ਸਾਹਿਬ ਵਿਚ ਕੋਈ ਪਤਾ ਨਹੀਂ। ਇਕ ਦੋਹਿਰਾ ਇਸ ਤਰ੍ਹਾਂ ਪਰ ਹੈ:—

ਫ਼ਰੀਦਾ! ਏਹ ਦਮ ਗਏ ਨੇ ਬਹੁੜੇ ਜਾਗਨ ਕੀ ਕਰ ਚੌਂਪ।
ਇਹ ਦਮ ਹੀਰੇ ਲਾਲ ਹੈ ਗਿਨ ਗਿਨ ਸਾਹ ਨੂੰ ਸੌਂਪ॥

ਕੁਝ ਹੋਰ ਸ਼ਲੋਕ ਇਹ ਹਨ:—

ਕੂਕ ਫ਼ਰੀਦਾ! ਕੂਕ ਤੂੰ, ਜਿਉਂ ਰਾਖਾ ਜੁਆਰ।
ਜਬ ਲਗ ਟਾਂਡਾ ਨ ਗਿਰੇ, ਤਬ ਲਗ ਕੂਕ ਪੁਕਾਰ॥੪੨॥
ਫ਼ਰੀਦਾ 'ਮੈਂ' ਨੂੰ ਮਾਰਕੇ ਮੁੰਜ ਕਰ, ਨਿੱਕੀ ਕਰਕੇ ਕੁੱਟ।
ਭਰੇ ਖ਼ਜ਼ਾਨੇ ਰਬ ਦੇ, ਜੋ ਭਾਵੇ ਸੋ ਲੁਟ॥੪੪॥
ਕਾਗਾ! ਨੈਣ ਨਿਕਾਸ ਦੂੰ, ਅਰ ਪੀ ਕੇ ਦੇਖ ਲੈ ਜਾਇ।
ਪਹਿਲੇ ਦਰਸ ਦਿਖਾਇਕੇ, ਤੌਂ ਪਾਛੇ ਲੀਜੇ ਖਾਇ॥੧੦੫॥
ਫ਼ਰੀਦਾ ਗਰਬ ਜਿਨ੍ਹਾਂ ਵਡਿਆਈਆਂ ਧਨ ਜੋਬਨ ਆਗਾਹ।
ਖਾਲੀ ਚਲੇ ਧਣੀ ਸਿਉਂ, ਟਿੱਬੇ ਜਿਉਂ ਮੀਂਹਾਹ॥੧੨੪॥*

ਹੋਰ ਦਿੱਤੇ ਸ਼ਲੋਕ ਭੀ ਬਹੁਤ ਨੇੜੇ ਦੇ ਹਨ, ਕੁਝ ਲਫ਼ਜ਼ਾਂ ਤਾਣੇ ਇਹੋ ਜਿਹੇ ਸ਼ਲੋਕ ਗ੍ਰੰਥ ਸਾਹਿਬ ਵਿਚ ਭੀ ਹਨ:—

---

* ਇਹ ਨੰਬਰ 'ਅਸਰਾਰੇ ਫ਼ਰੀਦੀ' ਦੇ ਹਨ। ਇਸ ਤਰ੍ਹਾਂ ਦਾ ਸ਼ਲੋਕ ਗ੍ਰੰਥ ਸਾਹਿਬ ਦੇ ਨੰਬਰ 123 ਵਿਚ ਮੌਜੂਦ ਹੈ।

Original with: Anup Singh Choudry
Digitized by: Panjab Digital Library

ਆਪ ਸਵਾਰੇਂ ਮੈਂ ਮਿਲਾਂ, ਮੈਂ ਮਿਲਿਆ ਸੁਖ ਹੋਇ।
ਫ਼ਰੀਦਾ! ਜੇ ਤੂੰ ਮੇਰਾ ਹੋ ਰਹੇਂ, ਸਭ ਜਗ ਤੇਰਾ ਹੋਇ॥੧੦੮॥
ਫ਼ਰੀਦਾ! ਮੌਤੇ ਦਾ ਬੰਨਾ ਏਵੇਂ ਦਿਸੇ, ਜਿਉ ਦਰਿਆ ਦੀ ਢਾਹ।
ਅਗੇ ਦੋਜ਼ਕ ਤਪਿਆ ਸੁਣੀਏ, ਹੌਲ ਪਵੇ ਕਹਾਹ॥੧੧੨॥
ਇਕਨਾਂ ਨੂੰ ਸਭ ਸੋਝੀ ਆਈ, ਇਕ ਫਿਰਦੇ ਵੇਪਰਵਾਹ।
ਅਮਲ ਜੋ ਕੀਤੇ ਦੁਨੀ ਵਿਚ ਸੋ ਦਰਗਾਹ ਓਗਾਹ॥੧੧੩॥

ਇਸ ਵਿਚ ਸ਼ੱਕ ਹੋਣ ਵਾਲੀ ਕੋਈ ਗਲ ਨਹੀਂ। ਚਿਸ਼ਤੀ ਫ਼ਕੀਰਾਂ ਦਾ ਇਹ ਸਿਲਸਿਲਾ, ਖ਼ਾਜਾ ਮੁਈਨੁੱਦੀਨ ਅਜਮੇਰੀ ਤੋਂ ਤੁਰਕੇ, ਹਿੰਦੁਸਤਾਨ ਵਿਚ ਇਸਲਾਮ ਦੀ ਤਬਲੀਗ਼ ਖ਼ਾਤਰ ਹੀ ਆਏ ਹੋਏ ਸਨ। ਬਾਬਾ ਫ਼ਰੀਦ ਤੀਸਰੀ ਪੀੜ੍ਹੀ ਵਿਚ ਏਸ ਸਿਲਸਿਲੇ ਦੇ ਵਡੇ ਸੀ। ਅਤੇ ਓਹ ਆਪਣੇ ਮਕਸਦ ਵਿਚ ਪੂਰੇ ਕਾਮਯਾਬ ਵੀ ਹੋਏ। ਹਿੰਦੂ ਕਿਸਾਨਾਂ, ਜੱਟਾਂ ਅਤੇ ਪਿੰਡਾਂ ਵਾਲੇ ਲੋਕ, ਜੋ ਨਾਂ ਦੀਆਂ ਜਾਤਾਂ, ਵਰਨਾਂ ਦੀ ਗਿਣਤੀ ਵਿਚ ਉਹਨਾਂ ਦੇ ਕਰੋੜਾਂ ਮੁਸਲਮਾਨ ਹੋਈਆਂ। ਫ਼ਾਰਸੀ ਮਜ਼ਾਹਿਬ ਵਿਚ ਓਹ ਪੈਦਾ ਹੋਏ ਅਤੇ ਪਲਾਨੇ ਹੋਣ ਦੀ ਵਡੀ ਉਮਰ ਮੁਲਤਾਨ ਵੱਲ ਦੇ ਪਾਸੇ ਦੇ ਪੇਂਡੂ ਲੋਕਾਂ ਵਿਚ ਹੀ ਕੱਟੀ, ਇਨ੍ਹਾਂ ਨੂੰ ਇਸਲਾਮ ਦੀ ਸਿਖਿਆ ਦੇਂਦਿਆਂ। ਕੀ ਹੋ ਸਕਦਾ ਹੈ ਕਿ ਬਾਬਾ ਫ਼ਰੀਦ ਪੰਜਾਬੀ ਨਹੀਂ ਸਨ ਜਾਣਦੇ, ਜਾਂ ਜੋ ਕਦੂ ਉਹਨਾਂ ਕੀਤਾ, ਓ ਮਜਬੂਰ ਤੋਂ ਫ਼ਾਰਸੀ ਵਿਚ ਦਾਖਲ ਕਰਕੇ ਹੋ ਗਿਆ ਸੀ। ਕਵਾਲ ਲੋਕ ਜੋ ਦਰਗਾਹ ਹੋਇ ਸਲਾਮ ਕਰ ਸਨ, ਬਹੁਤਾ ਕਰਕੇ ਦੇਸੀ ਬੋਲੀ ਵਿਚ ਨਾਅਤਾਂ ਫ਼ਕੀਰ ਗਾਉਂਦੇ ਸਨ, ਅਤੇ ਇਨ੍ਹਾਂ ਦੇ ਗੀਤ ਸੁਣਕੇ ਹੀ ਬਾਬਾ ਫ਼ਰੀਦ ਉਤੇ ਕਈ ਵਾਰੀ 'ਹਾਲ' ਹੋ ਜਾਂਦਾ ਸੀ।

ਜ਼ਾਹਿਰ ਕਿਹਾ ਜਾਏ ਕਿ ਬਾਬਾ ਫ਼ਰੀਦ ਬੜੇ ਉਚੇ ਖ਼ਾਨਦਾਨ ਵਿਚੋਂ ਸਨ ਜੋ ਬਖ਼ਾਰਾ ਵਲੋਂ ਏਥੇ ਆਕੇ ਵੱਸੇ ਸਨ, ਅਤੇ ਅਜੀ ਵੇਖਦੇ ਹਾਂ ਕਿ ਅਫ਼ਗਾਨ ਸਰਦਾਰ ਜੋ ਪੰਜਾਬ ਵਿਚ ਨਜ਼ਰਬੰਦ ਹੋਕੇ ਰਹਿੰਦੇ ਹਨ, ਸਾਰੀ ਉਮਰ ਵਿਚ ਬਹੁਤ ਥੋੜ੍ਹੀ ਪੰਜਾਬੀ ਸਿਖਦੇ ਹਨ। ਜਵਾਬ ਹੈ ਕਿ ਬਾਬਾ ਫ਼ਰੀਦ ਦੇ ਖ਼ਾਨਦਾਨਿਆਂ ਨੂੰ ਪੰਜਾਬ ਵਿਚ ਰਹਿੰਦੇ ਦੋ ਪੀੜ੍ਹੀਆਂ ਲੰਘ ਚੁਕੀਆਂ ਸਨ। ਇਨ੍ਹਾਂ ਦਾ ਦਾਦਾ ਅਫ਼ਗਾਨ ਸਰਦਾਰ ਸ਼ਹੀਦ ~~[illegible]~~ ਚੰਗੇਜ਼ਖਾਂ ਦੇ ਹਮਲਿਆਂ ਦੇ ਵੇਲੇ ਆਪਣਾ ਦੇਸ ਛਡਕੇ ਹਿੰਦੁਸਤਾਨ ਵਿਚ ਭੱਜ ਆਏ ਸਨ, ਅਤੇ ਏਥੇ ਆਕੇ ਕਸਬਾ ਕੋਠੀਵਾਲ (ਜਿਸਨੂੰ ਹੁਣ ਫ਼ਾਰਸੀ ਮਜ਼ਾਹਿਬ ਆਖਦੇ ਹਨ) ਵਿਚ ਵੱਸ ਗਏ ਸਨ ਅਤੇ ਏਸੇ ਦੇਸ ਨੂੰ ਹੁਣ ਆਪਣਾ ਪੱਕਾ ਵਤਨ ਬਣਾ ਲਿਆ ਸੀ, ਅਤੇ ਪਿਛਾ ਭੁਲ ਗਏ ਸਨ। ਅਜੇ ਦਿਹਾਤੀਆਂ ਦੀ ਏਥੇ ਦੇ ਰਹਿਣ ਵਾਲੇ ਮੁਸਲਮਾਨਾਂ ਨਾਲ ਹੋਈਆਂ। ਮੁਸਲਮਾਨਾਂ ਦੀਆਂ ਜ਼ਨਾਨੀਆਂ; ਬਚਿਆਂ, ਰਾਜਪੂਤਾਂ ਅਤੇ ਜੱਟਾਂ ਦੀ ਕੁੜੀਆਂ ਏਹਨਾਂ ਦੇ ਘਰਾਂ ਵਿਚ ਵਿਆਹੀਆਂ ਗਈਆਂ, ਭਾਵੇਂ ਇਹ ਜਿਤੇ ਬਹੁਤਾ ਕਰਕੇ ਬਾਬਾ ਫ਼ਰੀਦ ਦੀ ਉਸਾਰ ਵਿਚ ਹੋਏ। ਆਪ ਬਾਬਾ ਫ਼ਰੀਦ ਨੇ ਵੱਡੇ ਹੋਣੇ ਦੀ ਸਾਰੀ ਉਮਰ ਪਾਈ। ਜੋ ਬੋਲੀ ਦੇ ਵਰਤਣ ਲਈ ਕਾਫ਼ੀ ਮੌਕਿਆ ਅਤੇ ਸਮਾ ਮਿਲਣਿਆ ਸੀ। ਬਾਬਾ ਫ਼ਰੀਦ ਦੀ ਮਾਂ ਦੇ ਲੋਕ ਦੀ ਪੀੜ੍ਹੀਆਂ ਤੋਂ ਹਿੰਦੁਸਤਾਨ ਵਿਚ ਆਏ ਹੋਏ ਸਨ, ਅਤੇ ਕਈ ਵਿਚ

ਕਹਾਣੀਆਂ ਮਿਲਦੀਆਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਬਾਬਾ ਫ਼ਰੀਦ ਦੀ ਮਾਤਾ ਬੱਚਿਆਂ ਨਾਲ ਗੱਲਾਂ ਬਾਤਾਂ ਕਰਦੀ ਉਹਨਾਂ ਦੀ ਬੋਲੀ ਹੀ ਵਰਤਦੀ ਸੀ। ਫੇਰ ਬਾਬਾ ਜੀ ਨਜ਼ਰਬੰਦ ਅਹਿਲਕਾਰਾਂ ਦੀ ਸਿਆਸਤ ਝਗੜਿਆਂ ਦੇ ਨੇੜੇ ਪਰ ਨਹੀਂ ਮਾਰਦੀ, ਜਿਨ੍ਹਾਂ ਨੂੰ ਆਪਣੇ ਜੀਵਨ ਦੇ ਹਰ ਦਿਨ ਵਿਚ ਪਿੰਡਾਂ ਦੀ ਲੋਕਾਂ ਨਾਲ ਕੰਮ ਪੈਂਦਾ ਰਹਿੰਦਾ ਅਤੇ ਜਿਨ੍ਹਾਂ ਦਾ ਮਤਲਬ ਹੀ ਏਹਨਾਂ ਲੋਕਾਂ ਨੂੰ ਆਪਣੇ ਬਣਾਕੇ, ਉਹਨਾਂ ਨਾਲ ਰਲ ਮਿਲਕੇ, ਉਹਨਾਂ ਨੂੰ ਮੁਸਲਮਾਨ ਬਣਾਨ ਦਾ ਰਹਿੰਦਾ। ਫ਼ਰੀਦ ਦਾ ਹਾਲ ਆਪਣੇ ਉਦੋਂ ਦੀ ਸਿਖਾਂ ਦਾ ਕਿ ਹੋਰ ਪੀਰਾਂ ਫਕੀਰਾਂ ਦਾ, ਜੋ ਸਭ ਦੇਸੀ ਬੋਲੀਆਂ ਜਾਣਦੇ ਅਤੇ ਆਪਣੇ ਦਿਲ ਦੇ ਵਿਚਾਰ ਵਿਚ ਉਹੋ ਵਰਤਦੇ ਸਨ; ਫਾਰਸੀ ਉਹਨਾਂ ਲਈ ਕੁਝ ਇਕ ਹੋਰ ਦੇਸਦੀ ਬੋਲੀ ਸੀ ਜੋ ਪੜ੍ਹਕੇ ਸਿਖਣੀ ਪੈਂਦੀ ਸੀ ਅਤੇ ਸਿਖਣ ਪੜ੍ਹਨ ਦੇ ਕੰਮ ਆਉਂਦੀ ਸੀ, ਬੋਲਚਾਲ ਸਭ ਪੰਜਾਬੀ ਵਿਚ ਸੀ॥

ਜੋ ਕੁਝ ਅਸਾਂ ਉਪਰ ਲਿਖਿਆ ਹੈ, ਜੇ ਗਵਾਹੀ ਦੀ ਦਿਲ ਦੀ ਤਸੱਲੀ ਕਿਸੇ ਦੀ ਨਾ ਹੋਵੇ, ਤਦ ਅਮੀਰ ਖੁਸਰੋ, ਤੂਤੀਏ ਹਿੰਦ, ਨਾਲ ਮੁਕਾਬਲਾ ਕਰੋ। ਅਮੀਰ ਖੁਸਰੋ ਦਾ ਬਾਪ ਹਿੰਦੁਸਤਾਨ ਵਿਚ ਆਇਆ ਸੀ ਅਤੇ ਬਾਬਾ ਫ਼ਰੀਦ ਦਾ ਦਾਦਾ ਪੰਜਾਬ ਵਿਚ ਹੋਰ ਭੀ ਪਹਿਲਾਂ। ਖੁਸਰੋ ਦੀ ਸਾਰੀ ਜ਼ਿੰਦਗੀ ਸ਼ਾਹੀ ਦਰਬਾਰ ਅਤੇ ਆਲਿਮਾਂ ਫ਼ਾਜ਼ਿਲਾਂ ਦੀ ਸੰਗਤ ਵਿਚ, ਅਤੇ ਬਾਬਾ ਫ਼ਰੀਦ ਤੇ ਬਾਪਆਂ ਦੀ ਅਤੇ ਆਪਣੀ ਜ਼ਿੰਦਗੀ ਪੰਜਾਬ ਦੇ ਸਿੱਧੇ ਅਨਪੜ੍ਹ ਜੱਟਾਂ ਤੇ ਪਿੰਡੂ ਲੋਕਾਂ ਵਿਚ। ਦੋਵੇਂ ਵਿਚੋਂ ਸਮ ਹੋਏ ਹਨ। ਕੁਝ ਖੁਸਰੋ ਦੀ ਹਿੰਦੀ ਰਚਨਾ ਬੜੀ ਥੋੜੀ ਹੈ, ਅਤੇ ਸਿਰਫ ਪਹੇਲੀਆਂ ਅਤੇ ਕਹਮੁਕਰਨੀਆਂ ਤਕ ਹੀ ਬਸ ਨਹੀਂ ਕਰਦਾਂਦੀ, ਗਜ਼ਲਾਂ ਅਤੇ ਹੋਰ ਧਾਰਮਿਕ ਰਚਨਾ ਦੀ ਬਹੁਤੇਰੀ ਹੈ, ਅਤੇ ਅਜਿਹੀ ਸਰਲ ਹਿੰਦੀ ਵਿਚ ਕਿ ਕੋਈ ਜਾਣੇ ਕਿਸੇ ਅਜਕਲ ਦੇ ਹਿੰਦੀ ਕਵੀ ਨੇ ਕਿਸੇ ਬੱਚਿਆਂ ਦੇ ਮੈਗਜ਼ੀਨ ਵਾਸਤੇ ਲਿਖੀ ਹੈ। ਅਮੀਰ ਖੁਸਰੋ ਨੇ ਘਟ ਤੋਂ ਘਟ ਇਕ ਕਿਤਾਬ 'ਬਜ਼ਬਾਨੇ ਜਾਂਗੀ ਨਵਿਸ਼ਤਮ', ਅਫ਼ਸੋਸ ਹੈ ਕਿ ਕੋਈ ਪਤਾ ਨਹੀਂ ਲਗਦਾ ਤਰਜਮਾ ਭੀ ਏਸ ਕਿਤਾਬ ਦਾ ਹੁਣ ਤਕ ਮਿਲਦਾ ਕਿ ਨਹੀਂ, ਪਰ ਇਹ 'ਜਾਂਗੀ ਜ਼ਬਾਨ' ਕੀ ਹੋਸਕਦੀ ਹੈ, ਉਸਦੇ ਜ਼ਮਾਨੇ ਵਿਚ ਪ੍ਰਚਲਿਤ ਜ਼ਬਾਨ। ਅਮੀਰ ਖੁਸਰੋ ਇਕ ਵਾਰੀ ਬਾਦਸ਼ਾਹ ਵਕਤ ਦੇ ਹੁਕਮ ਤਹਿਤ ਸ਼ਾਹ ਸਰਫ਼ ਦੇ ਪੇਸ਼ ਕਰਨ ਲਈ ਪਾਣੀਪਤ ਭੇਜੇ ਗਏ। ਸ਼ਾਹ ਸਰਫ਼ ਇਕ ਕਲੰਦਰ ਫ਼ਕੀਰ ਕਿਸੇ ਦੀ ਪਰਵਾਹ ਨਹੀਂ ਸਨ ਕਰਦੇ, ਅਮੀਰ ਖੁਸਰੋ ਨੂੰ ਇਕ ਆਲਿਮ ਫ਼ਾਜ਼ਿਲ ਸੂਫ਼ੀ ਫ਼ਕੀਰ ਜਾਣਕੇ ਅੰਦਰ ਆਉਣ ਦੀ ਇਜਾਜ਼ਤ ਦਿਤੀ। ਪਰ, ਅੰਦਰ ਪਹੁੰਚਿਆਂ ਹੀ ਉਹਨਾਂ ਦੀ ਆਮ ਕਲਾਮ ਇਹਨਾਂ ~~ਹਿੰਦੀ~~ ਪੰਜਾਬੀ ਲਫ਼ਜ਼ਾਂ ਵਿਚ ਕੀਤੀ, 'ਆਏ ਕਥਾਂਓਤ'। ~~ਫੇਰ~~ ਅਮੀਰ ਖੁਸਰੋ ਨੂੰ ਆਪਣੀ ਰਚਨਾ ਦੇ ਸ਼ਿਅਰ ਸੁਣਾਨ ਵਾਸਤੇ ਕਿਹਾ; ਅਮੀਰ ਖੁਸਰੋ ਨੇ ਗਾਕੇ ਸੁਣਾਏ। ਅਤੇ ਪੁੱਛਿਆ ਕਹੁ ਸਮਝੇ। ਸ਼ਿਅਰ ਦੇ ਮਜ਼ਮੂਨ ਫੇਰ ਸ਼ਾਹ ਸਰਫ਼ ਨੇ ਇਕ ਆਪਣਾ ਰਚਿਆ ਸ਼ਿਅਰ ਪੜ੍ਹਿਆ, ~~ਜਿਸ ਨਾਲ~~ ਪ੍ਰਭਾਵਤ ਹੋਕੇ ਅਮੀਰ ਖੁਸਰੋ ਦੀਆਂ ਅੱਖਾਂ ਵਿਚ ਜਲ ਭਰ ਆਇਆ। ਜਦ ਸ਼ਾਹ ਸਰਫ਼ ਨੇ ਦੇਖਿਆ ਤਦ ਪੰਜਾਬੀ ਵਿਚ ਬੋਲੇ :- "ਐਂ ਰੋਂਦਾ ਏਂ? ਤੂੰ ਕੂੜਾ ਏਂ" ਪਰਤਖ ਹੈ ਕਿ ਜੋ ਪੰਜਾਬੀ ਵਾਕ ਸ਼ਾਹ ਸਰਫ਼ ਨੇ ਕਿਹਾ, ਅਮੀਰ ਖੁਸਰੋ ਉਸਨੂੰ ਸਮਝ ਸਕਦਾ ਸੀ। ਅਤੇ ਸ਼ਾਹ ਸਰਫ਼ ਅਮੀਰ ਖੁਸਰੋ ਨਾਲੋਂ ਵਡੇਰੀ ਉਮਰ ਦੇ ਬਾਬੇ ਫ਼ਰੀਦ ਦੇ ਗਾਹੀ

Original with:
Anup Singh, Noida
Digitized by:
Panjab Digital Library

ਸਨ। ਬਾਬਾ ਫਰੀਦ ਦੀ ਪੰਜਾਬੀ, ਜਿਸਤਕ ਕਿ ਉਸ ਰਚਨਾ ਤੇ ਵਿਸਾਹ ਕੀਤਾ ਜੋ ਗ੍ਰੰਥ ਸਾਹਿਬ ਵਿਚ ਹੈ, ਮੁਲਤਾਨ ਦੇ ਲਾਗੇ ਦੀ ਲਹਿੰਦੀ ਜਾਂ ਜਟਕੀ ਸੀ। ਅਤੇ ਉਸ ਵਿਚ ਲਫ਼ਜ਼ਾਂ ਦੀਆਂ ਬਣਤਰੀਆਂ ਅਜਿਹੀਆਂ ਸ਼ਕਲਾਂ ਵਰਤੀਆਂ* ਹਨ, ਜੋ ਵਿਆਕਰਨ ਮੁਤਾਬਕ ਹੁਣ ਵਾਲੀ ਪੰਜਾਬੀ ਅਤੇ ਉਸ ਤੋਂ ਪਹਿਲੀ ਅਪਭ੍ਰੰਸ਼ ਦੇ ਵਿਚਾਲੇ ਦੀਆਂ ਹਨ, ਕਿ ਜਿਸ ਵਿਚੋਂ ਪੰਜਾਬੀ ਬਣੀ ਹੈ ਅਤੇ ਹੁਣ ਵਾਲੀ ਸ਼ਕਲ ਵਿਚ ਆਈ ਹੈ, ਠੀਕ ਜਿਵੇਂ ਕਿ ਉਹਨੀ ਦਿਨ ਦੀਆਂ ਹੋਰ ਦੇਸੀ ਬੋਲੀਆਂ, ਏਹੀ ਗਿਆਰਵੀਂ ਸਦੀ ਦੇ ਲਾਗੇ। ਏਸੇ ਸਮੇਂ ਦੇ ਕਰੀਬ ਦੀ 'ਨਾਥ ਜੋਗੀਆਂ' ਦੀ ਰਚਨਾ ਵਿਚ ਭੀ ਸਾਨੂੰ ਪੰਜਾਬੀ ਦਾਣੇ ਮਿਲਦੇ ਹਨ।

ਸੋ ਫਿਰ ਇਸ ਵਿਚ ਕੁਝ ਅਨੋਖੀ ਗਲ ਨਹੀਂ ਕਿ ਬਾਬਾ ਫਰੀਦ ਅਜਿਹੀ ਵੰਨੀ ਪੰਜਾਬੀ ਬੋਲੀ ਵਿਚ ਰਚਨਾ ਕਰਦੇ, ਜਿਹੀ ਵੰਨੀ ਜਿਹੀ ਵਿਚ ਅਮੀਰ ਖੁਸਰੋ ਨੇ ਹਿੰਦੀ ਰਚਨਾ ਕੀਤੀ॥

ਹੋਰ ਅਸੀਂ ਦਾਅਵੇ ਨਾਲ ਇਹ ਭੀ ਨਹੀਂ ਕਹਿ ਸਕਦੇ, ਕਿ ਬਾਬਾ ਫ਼ਰੀਦ ਦੀ ਰਚਨਾ ਉਹਨਾਂ ਦੇ ਆਪਣੇ ਲਫ਼ਜ਼ਾਂ ਵਿਚ ਹੀ ਜਿਉਂ ਦੀ ਤਿਉਂ ਬਿਨਾ ਕਿਸੇ ਭੀ ਅਦਲ ਬਦਲ ਦੇ ਗੁਰੂ ਅਰਜਨਦੇਵ ਤਕ ਪੁੱਜ ਗਈ ਸੀ। ਜਿਥੇ ਜਾਣ ਤੋਂ ਪਹਿਲੇ ਜਦ ਤਕ ਉਹ ਜ਼ਬਾਨੀ ਜ਼ਬਾਨੀ ਹੀ ਚਲੀ ਆਉਂਦੀ ਸੀ, ਇਹ ਜ਼ਰੂਰ ਹੈ ਕਿ ਉਸ ਵਿਚ ਕੁਝ ਲਫ਼ਜ਼ ਸਮਾਂ ਪਾ ਕੇ ਬਦਲ ਗਏ ਹੋਣ, ਅਤੇ ਪੁਰਾਣੇ ਨਿਕਲਕੇ ਉਹਨਾਂ ਦੀ ਥਾਂ ਨਵੇਂ ਲਫ਼ਜ਼, ਜਿਨ੍ਹਾਂ ਦਾ ਰਿਵਾਜ ਵਧੀਕ ਹੋ ਚੁਕਾ ਸੀ, ਆ ਗਏ ਹੋਣ। ਇਹੋ ਜਿਹੀਆਂ ਮਾਮੂਲੀ ਗਲਾਂ ਹਨ ਅਤੇ ਅਵੱਸ਼ ਹੋ ਜਾਂਦੀਆਂ ਹਨ। ਪਰ ਬਾਵਜੂਦ ਇਹਨਾਂ ਤਬਦੀਲੀਆਂ ਦੇ ਬਾਣੀ ਬਾਬੇ ਫਰੀਦ ਦੀ ਹੀ ਰਹੇਗੀ, ਅਤੇ ਉਸਦੇ ਮਤਲਬ ਅਤੇ ਮਜ਼ਮੂਨ ਵਿਚ ਕੋਈ ਫ਼ਰਕ ਨਹੀਂ ਆਉਂਦਾ।

ਮੁਸਲਮਾਨਾਂ ਨੇ ਹਿੰਦੂਆਂ ਦੀ ਬੋਲੀ ਸਿਖਣੀ, ਆਉਣ ਤੋਂ ਝਟ ਪਿਛੋਂ ਸ਼ੁਰੂ ਕਰ ਦਿਤੀ ਸੀ, ਤੇ ਸਿਖਣੀ ਜ਼ਰੂਰੀ ਭੀ ਸੀ, ਨਹੀਂ ਤਾਂ ਕੰਮ ਕਿਸ ਤਰ੍ਹਾਂ ਟੁਰਦਾ। ਹਿੰਦੂਆਂ ਨੇ ਭੀ ਕੁਝ ਲਫ਼ਜ਼ ਫ਼ਾਰਸੀ ਅਰਬੀ ਦੇ ਵਿਗਾੜੂ ਤਿਗਾੜੂ ਕੇ ਬੋਲਣੇ ਸਿਖ ਲਏ ਹੋਣਗੇ। ਪੁਰਾਣਾ ਹਿੰਦੀ ਕਵੀ ਚੰਦ ਬਰਦਾਈ ਆਪਣੀ ਕਿਤਾਬ 'ਪ੍ਰਿਥੀਰਾਜ ਰਾਸੋ' ਵਿਚ ਕਈ ਅਰਬੀ ਫ਼ਾਰਸੀ ਦੇ ਲਫ਼ਜ਼ ਵਰਤਦਾ ਹੈ, ਤੇ ਕਈ ਥੋੜੇ ਜਿਹੇ ਹੀ। ਭਾਵੇਂ ਕਿਸੀ ਮਗਰਿ ਦਾ ਸੀ ਪਰ ਲਾਹੌਰ ਦਾ ਜੰਮ ਸੀ, ਉਸਦੀ ਕਿਤਾਬ ਵਿਚ ਕੋਈ ਅਠ ਦਸ ਜਾਂ ਲਫ਼ਜ਼ ਅਜਿਹੇ ਮਿਲੇ ਹਨ, ਜੋ ਖ਼ਾਲਸ ਪੰਜਾਬੀ ਹਨ। ਮੁਸਲਮਾਨ ਕਈ ਕਈ ਸਦੀਆਂ ਤੋਂ ਸਿਰੀ ~~ਕੌਮ~~ ਪੰਜਾਬੀ ਦਸੌਰਾ ਵਿਚ ਰਚਨਾ ਕਰਦੇ ਰਹੇ ਆਏ ਹਨ, ਭਾਵੇਂ ਇਹ ਬਾਬਾ ਫਰੀਦ ਅਤੇ ਖੁਸਰੋ ਨਾਲੋਂ ਪਿਛੋਂ ਦੇ ਹਨ।

(2)

ਜਨਮਸਾਖੀਆਂ ਵਿਚ ਜੋ ਗੁਰੂ ਨਾਨਕ ਸਾਹਿਬ ਦੀ ਜੋ ਗੋਸ਼ਟ ਸ਼ੇਖ ਇਬਰਾਹੀਮ ਨਾਲ ਹੋਈ

---

* ਅਪ੍ਰੈਲ ਸਨ ੧੯੨੦ ਦੇ ਖਾਲਸਾ ਐਡਵੋਕੇਟ ਅਖਬਾਰ ਵਿਚ ਮੈਂ ਏਸਦੀ ਪੂਰੀ ਬਹਿਸ ਕੀਤੀ ਸੀ।

Original with: Anup Singh, Noida
Digitized by: Panjab Digital Library

ਹੋਈ ਹੋਈ ਹੈ, ਉਸ ਵਿਚ ਕਈ ਸਲੋਕ ਸੋਲਾਂ ਆਨੇ ਓਹੋ ਹਨ, ਜੋ 'ਸਲੋਕ ਸ਼ੇਖ ਫ਼ਰੀਦ' ਦੇ ਨਾਮ ਨਾਲ ਗ੍ਰੰਥ ਸਾਹਿਬ ਵਿਚ ਦਿੱਤੇ ਗਏ ਹਨ। ਸਾਰੇ ੧੩੦ ਵਿਚੋਂ ਇਹ ਸਲੋਕ ਪੰਜ ਹਨ, ਜਿਨ੍ਹਾਂ ਵਿਚੋਂ ਤਿੰਨ ਸ਼ੇਖ ਇਬਰਾਹੀਮ ਨੇ ਬੋਲੇ ਕਹੇ ਹਨ, ਅਤੇ ਇਕ ਜਵਾਬ ਵਜੋਂ ਗੁਰੂ ਨਾਨਕ ਸਾਹਿਬ ਦਾ ਦਿਤਾ ਲਿਖਿਆ ਹੈ। ਜਨਮਸਾਖੀਆਂ ਅਠਾਰਵੀਂ ਉਨੀਵੀਂ ਸਦੀ ਈਸਵੀ ਵਿਚ ਬਣੀਆਂ ਸਨ ਕੋਈ ਤਿਨ ਸੌ ਵਰ੍ਹਾ ਅਸਲ ਵਾਕਿਆ ਨਾਲੋਂ ਪਿਛੋਂ। ਭਲਾ ਜੇ ਮਨ ਲਈਏ ਕਿ ਇਹਨਾਂ ਜਨਮ ਸਾਖੀਆਂ ਨੇ ਇਹ ਸਾਖੀ ਕਿਸੇ ਪੁਰਾਣੀ ਲਿਖੀ ਰਿਪੋਰਟ ਤੋਂ ਨਕਲ ਕੀਤੀ, ਤਦ ਇਹ ਪੁਰਾਣੀ ਰਿਪੋਰਟ ਭੀ ਅਕਬਰ ਦੇ ਸਮੇਂ ਦੇ ਦਰਮਿਆਨ ਤਕ ਹੀ ਪਿਛੇ ਪਹੁੰਚ ਸਕਦੀ ਹੈ, ਵਾਕਿਆ ਨਾਲੋਂ ਕੋਈ ਸਠ ਵਰ੍ਹੇ ਪਿਛੋਂ। ਉਸ ਵਿਚ ਗੁਰੂ ਅਮਰਦਾਸ ਦੇ ਇਕ ਸਲੋਕ ਦੀ ਮੌਜੂਦਗੀ, ਜੋ ਕਿ ਸ਼ਾਹ ਫ਼ਰੀਦ ਦੇ ਸਲੋਕ ਨੂੰ ਸਾਮ੍ਹਣੇ ਰਖਕੇ ਰਚਿਆ ਗਿਆ ਹੈ, ਇਹ ਦਸਦੀ ਹੈ ਕਿ ਪੁਰਾਣੀ ਰਿਪੋਰਟ ਭੀ ਅਸਲ ਵਾਕਫ਼ਾਤ ਦਾ ਸਹੀ ਬਿਆਨ ਨਹੀਂ; ਉਸਦੇ ਅੰਦਰ ਜੋ ਵੇਰਵਾ ਦਿੱਤਾ ਹੈ, ਓਹ ਸਾਰਾ ਲੇਖਕ ਦੀ ਕਪੋਲ ਕਲਪਨਾ ਹੈ।

ਜੇ ਇਹ ਮੰਨ ਭੀ ਲਈਏ ਕਿ ਸ਼ੇਖ ਇਬਰਾਹੀਮ ਨੇ ਸਚੀ ਮੁਚੀ ਓਹ ਤਿਨ ਸਲੋਕ ਕਹੇ ਜੋ ਉਸਦੇ ਮੂੰਹ ਵਿਚ ਰਖੇ ਗਏ ਹਨ, ਅਤੇ ਗੁਰੂ ਨਾਨਕ ਸਾਹਿਬ ਨੇ ਉਸੇ ਵੇਲੇ ਓਹ ਸਲੋਕ ਰਚਕੇ ਬੋਲਿਆ, ਜੋ ਉਹਨਾਂ ਨੂੰ ਬੋਲਦੇ ਦਸਿਆ ਗਿਆ ਹੈ, ਤਦ ਭੀ ਕੀ ਹੋਇਆ। ਸ਼ੇਖ ਇਬਰਾਹੀਮ ਜੇ ਆਪਣੀ ਗੱਦੀ ਦੀ ਪੀੜ੍ਹੀ ਆਪਣੇ ਨਾਮੀ ਤੇ ਚਿਰੀ ਬਜ਼ੁਰਗ ਸ਼ੇਖ ਫ਼ਰੀਦ ਸ਼ਕਰਗੰਜ ਜਾਂ ਬਾਬਾ ਫ਼ਰੀਦ ਦੇ ਕਈ ਸਲੋਕ ਆਪਣੀ ਮਜਲਿਸ ਵਿਚ ਸੁਣਾਏ ਹੋਣ, ਤਦ ਕੋਈ ਅਜੂਬੀ ਗਲ ਇਸ ਵਿਚ ਕੀ ਹੋਈ। ਨਾ ਗੁਰੂ ਨਾਨਕ ਸਾਹਿਬ ਦਾ ਇਕ ਸਲੋਕ ਇਹ ਸਾਬਿਤ ਕਰਦਾ ਹੈ ਕਿ ਇਹ ਸਲੋਕ ਗੁਰੂ ਨਾਨਕ ਸਾਹਿਬ ਨੇ ਓਸ ਮੌਕਿਆ ਤੇ ਹੀ ਜਵਾਬ ਵਜੋਂ ਰਚਿਆ ਤੇ ਬੋਲਿਆ ਸੀ, ਕਿਉਂਕਿ ਇਕ ਦਰਜਨ ਦੇ ਕਰੀਬ ਸਲੋਕ ਗੁਰੂ ਅੰਗਦ ਅਤੇ ਗੁਰੂ ਅਮਰਦਾਸ ਦੇ ਭੀ ਬਾਬਾ ਫ਼ਰੀਦ ਦੇ ਸਲੋਕਾਂ ਨੂੰ ਮੁਖ ਰਖਕੇ ਰਚੇ ਹੋਏ ਗ੍ਰੰਥ ਸਾਹਿਬ ਮੌਜੂਦ ਹਨ। ਨਮੂਨੇ ਲਈ ਦੇਖੋ ਸਲੋਕ ਨੰਬਰ ੧੩, ੫੨, ੯੬, ੧੦੪, ੧੦੫, ੧੨੦, ੧੨੧, ੧੨੪ ਵਗੈਰਾ 'ਸਲੋਕ ਸ਼ੇਖ ਫ਼ਰੀਦ' ਦੇ ਸਿਰਨਾਵੇਂ ਹੇਠਾਂ।

ਜੋ ਕਈ ਦੀ ਤਰ੍ਹਾਂ ਗ੍ਰੰਥ ਸਾਹਿਬ ਦੀ ਸੰਗ੍ਰਹਿ ਕਰਤਾ ਗੁਰੂ ਅਰਜਨ ਦੇਵ ਨੇ, ਅਤੇ ਉਸ ਵਿਚ ਜੋ ਸਿਰਨਾਵੇਂ ਦਿੱਤੇ ਹਨ, ਓਹ ਭੀ ਉਹਨਾਂ ਦੇ ਹੀ ਦਿੱਤੇ ਹੋਏ ਹਨ। ਓਹ ਸਲੋਕਾਂ ਤੌਰ ਬਾਣੀ ਨੂੰ 'ਸ਼ੇਖ ਫ਼ਰੀਦ' ਦੀ ਆਖਦੇ ਹਨ, ਨਾ ਕਿ 'ਸ਼ੇਖ ਬ੍ਰਹਮ' ਦੀ। 'ਸ਼ੇਖ ਬ੍ਰਹਮ' ਦਾ ਨਾਮ ਉਹਨਾਂ ਨੂੰ ਜ਼ਰੂਰੀ ਤਕਾਂ ਮਾਲੂਮ ਹੋਣਾ ਚਾਹੀਦਾ ਸੀ, ਸਾਖੀ ਜਾਂ ਰਿਪੋਰਟ ਤੋਂ ਲੇਕਰ ਓਹ ਉਹਨਾਂ ਦੇ ਵੇਲੇ ਚਲ ਰਹੀ ਸੀ*; ਜਾਂ ਹੋਰ ਤਰ੍ਹਾਂ ਪਰ। ਭਾਈ ਗੁਰਦਾਸ ਨੇ ਏਸ ਸਾਖੀ ਦਾ ਕੋਈ ਜ਼ਿਕਰ ਨਹੀਂ ਕੀਤਾ। 'ਸ਼ੇਖ ਫ਼ਰੀਦ' ਨਾਮ ਖਾਲੀ ਸ਼ੇਖ ਫ਼ਰੀਦ ਗੰਜ-ਸ਼ਕਰ ਵਾਸਤੇ ਹੀ ਵਰਤਿਆ ਜਾਂਦਾ ਹੈ। ਦੂਸਰਾ ਸ਼ੇਖ ਜਿਸਨੂੰ ਗੁਰੂ ਨਾਨਕ ਸਾਹਿਬ ਮਿਲੇ ਕਹੇ ਹਨ, ਉਸਦਾ ਨਾਮ 'ਸ਼ੇਖ ਬ੍ਰਹਮ' ਹੀ ਲਿਖਾਂ ਜੋ ਤਿਨ੍ਹਾਂ ਨੂੰ ਮਾਲੂਮ ਸੀ; ਇਹੋ

---

* ਭਾਈ ਗੁਰਦਾਸ ਏਸ ਭੇਟ ਤੇ ਰਿਪੋਰਟ ਦਾ ਕੋਈ ਜ਼ਿਕਰ ਨਹੀਂ ਕਰਦੇ ਆਪਣੀ ਵਾਰਾਂ ਵਿਚ

Original with:
Anup Singh, Noida
Digitized by:
Panjab Digital Library

1604
1532
68
1943
1604
339

ਨਾਮ ਜਨਮਸਾਖੀਆਂ ਵਿਚ ਉਸਨੂੰ ਦਿਤਾ ਗਿਆ ਹੈ। ਜੇਕਰ ਉਸਦਾ ਸਬੰਧ (ਨਾਮ ਨਹੀਂ) ਸਗੋਂ ਸੂਫ਼ੀ ਫ਼ਕੀਰ ਸ਼ਾਹੀ, ਮਤਲਬ ਦੂਜਾ ਫ਼ਕੀਰ ਸੀ, ਤਦ ਇਹ ਕੇਵਲ ਮੁਸਲਮਾਨ ਦਿਰਵੇਸ਼ਾਂ ਨੂੰ ਹੀ ਮਾਲੂਮ ਹੋ ਸਕਦਾ ਸੀ, ਨਾ ਕਿ ਆਮ ਖ਼ਾਸ ਨੂੰ। ਅਸਲ ਵਿਚ 'ਫ਼ਕੀਰ-ਸ਼ਾਹੀ' ਜਾਂ ਸ਼ੇਖ਼ ਅਲਾਉ-ਉਦ-ਦੀਨ ਬਾਬਾ ਫ਼ਰੀਦ ਦੇ ਪੋਤੇ ਅਤੇ ਦੂਜੇ ਦਰਜੇ ਪੀਰ ਦਾ ਖ਼ਿਤਾਬ ਸੀ, ਜੇ ਕੇ ਸ਼ੇਖ਼ ਇਬਰਾਹੀਮ ਦਾ ਲਕਬ ਲਾਜ਼ਮ ਹੁੰਦਾ ਸੀ ਤਾਂ ਉਹ 'ਫ਼ਕੀਰ ਸਾਹਿਬ' ਜਾਂ ਦੂਜਾ ਫ਼ਕੀਰ ਹੋ ਸਕਦਾ ਸੀ। ਪਰ ਠੀਕ ਗੱਲ ਤਾਂ ਇਹ ਹੈ 'ਫ਼ਕੀਰ ਸ਼ਾਹੀ' ਜਾਂ 'ਫ਼ਕੀਰ ਸਾਹਿਬ' ਸ਼ੇਖ਼ ਇਬਰਾਹੀਮ ਦਾ ਕੋਈ ਲਕਬ ਨਹੀਂ ਸੀ, ਉਹ ਕੋਈ ਦੇਉਂ ਪੀਰਾਂ ਵਿਚੋਂ ਅਤੇ ਸਪੁੱਤ੍ਰ ਗੱਦੀਆਂ ਵਿਚੋਂ ਨਹੀਂ ਸਨ, ਅਤੇ ਸਭੇ ਸਤ ਆਠ ਤੱਕ ਉਹ ਗੱਦੀ ਪਰ ਰਹੇ ਸਨ। ਉਹਨਾਂ ਨਾਲੋਂ ਵਿਰੋਧੇ ਸ਼ੇਖ਼ ਅਲਾਉਦੀਨ, ਉਹਨਾਂ ਦਾ ਆਪਣਾ ਪਿਤਾ ਸ਼ੇਖ਼ ਮਸੂਦ, ਅਤੇ ਪਿੱਛੋਂ ਸਾਬਤਿਨਦਾਨੇ ਸ਼ੇਖ਼ ਤਾਜੁਦੀਨ ਅਤੇ ਸ਼ੇਖ਼ ਇਬਰਾਹੀਮ ~~[illegible]~~ ਅਪਣੇ (ਜਹਾਂਗੀਰ ਦੇ ਵੇਲੇ) ਹੋਏ ਹਨ। ਇਹਨਾਂ ਲਕਬਾਂ ਵਿਚ 'ਸ਼ਾਹੀ' ਅਤੇ 'ਸਾਹਿਬ' ਦੇ ਜਗ੍ਹਾ 'ਫ਼ਕੀਰ' ਨਾਲ ਸਤ ਨਹੀਂ ਕੀਤੇ ਜਾ ਸਕਦੇ ਅਤੇ ਨਾ ~~[illegible]~~ 'ਫ਼ਕੀਰ ਸ਼ਾਹੀ' ਅਤੇ ~~[illegible]~~ 'ਫ਼ਕੀਰ ਸਾਹਿਬ' ਦੀ ਥਾਂ ਖ਼ਾਲੀ 'ਸ਼ੇਖ਼ ਫ਼ਕੀਰ' ਲਿਖਿਆ ਜਾ ਸਕਦਾ। ਇਹ ਬਨਾਵਟ ਸਿਖਾਂ ਦੀ ਹੈ, ਜੋ ਮੌਕਾ ਮਿਲ ਸਾਹਿਬ ਦੇ ਬੇਮੌਕੇ ਦੁਹਰਾ ਦਿਤੀ ਹੈ। ਸ਼ੇਖ਼ ਇਬਰਾਹੀਮ ਦਾ ਲਕਬ 'ਫ਼ਕੀਰ ਸ਼ਾਹੀ' ਨਹੀਂ ਸੀ।

ਜੇਕਰ ਗੁਰੂ ਅਰਜਨ ਦੇਵ ਨੂੰ ਇਹ ਮਾਲੂਮ ਹੁੰਦਾ ਕਿ ਸ਼ਲੋਕ ਫ਼ਰੀਦ ਜੋ ਉਹ ਗ੍ਰੰਥ ਸਾਹਿਬ ਵਿਚ ਦਰਜ ਕਰਦੇ ਹਨ, ਅਸਲ ਵਿਚ ਸ਼ੇਖ਼ ਬ੍ਰਹਮ ਦੇ ਹਨ, ਉਹ 'ਸ਼ੇਖ਼ ਬ੍ਰਹਮ ਦੇ ਸ਼ਲੋਕ' ਵਿਚ ਨਾ ਲਿਖਦੇ। ਉਹਨਾਂ ਨੇ ਇਹ ਦੇਖਣਾ ਬੜੀ ਹੁਸ਼ਿਆਰੀ ਨਾਲ ਗ੍ਰੰਥ ਸਾਹਿਬ ਵਿਚ ਕੀਤਾ ਹੈ, ਗੁਰੂ ਨਾਨਕ ਸਾਹਿਬ ਜਾਂ ਆਪਣੀ ਰਚੀ ਰਚਨਾ ਦੇ ਦਿਖਾਲੇ ਜੋ ਇਕ ਆਪ ਸ਼ਲੋਕ ਦੀ ਦੂਜੀ, ਤੀਜੀ ਜਾਂ ਚੌਥੀ ਪਾਤਸ਼ਾਹੀ ਦਾ ਦਿੱਤਾ ਹੈ, ਤਦ ਮਹਲੇ ਦਾ ਅੰਕ ਨਾਲ ਦਿੱਤਾ ਹੈ ਪਹਿਚਾਨਣ ਵਾਸਤੇ, ਭਾਵੇਂ ਸਭ ਨੇ ਰਚਨਾ 'ਨਾਨਕ' ਦੇ ਤਖ਼ੱਲਸ ਤੇ ਕੀਤੀ ਹੈ। ਭਗਤ ਬਾਣੀ ਵਿਚ ਵੀ ਇਹ ਵੇਖਣਾ ਰਖਿਆ ਹੈ, ਪਰ 'ਸ਼ਲੋਕ ਸ਼ੇਖ਼ ਫ਼ਰੀਦ' ਵਾਲਾ ਲਿਖਿਆ ਹੀ ਜੈ ਜੈ। ਅਤੇ ਜੇ ਉਹਨਾਂ ਨੂੰ ਮਾਲੂਮ ਸੀ, ਕਿ ਬਾਣੀ ਗਦੀ ਹੋਈ ਤਾਂ ਸ਼ੇਖ਼ ਬ੍ਰਹਮ ਦੀ ਹੈ 'ਫ਼ਰੀਦ' ਦੇ ਨਾਮ ਤੇ, ਅਤੇ ਉਹਨਾਂ ਨੇ ਸ਼ੇਖ਼ ~~[illegible]~~ ਫ਼ਰੀਦ' ਦੇ ਨਾਮ ਪਰ ਗ੍ਰੰਥ ਸਾਹਿਬ ਵਿਚ ਦਿੱਤੀ ਹੈ, ਤਦ ਇਕ ਕੰਮ ਉਹਨਾਂ ਕਿਸ ਕਾਰਨ ਨਾਲ ਕੀਤਾ? ਜਨਮਸਾਖੀਆਂ ਲਿਖਣ ਵਾਲੇ ਤਾਂ ਜਿਥੇ ਕਿਤੇ ਗੁਰੂ ਨਾਨਕ ਸਾਹਿਬ ਦਾ ਮੇਲ ਕਿਸੇ ਮਾਮੂਲੀ ਫ਼ਕੀਰ, ਜੋਗੀ, ਜਾਂ ਸਾਧੂ ਨਾਲ ਹੋਇਆ ਹੈ, ~~ਉਹਨਾਂ ਨੇ~~ ਗੁਰੂ ਨਾਨਕ ਸਾਹਿਬ ਨੂੰ ਦਰਿਆਫ਼ਤ ਖ਼ਾਤਰ, ਕਿਸੇ ਦੇਉਂ ਪੀਰ, ਮਸ਼ਹੂਰ ਨਾਥ ਜਾਂ ਉਸੇ ਸਾਧੂ ਦੇ ਨਾਮ ਘਸੀਟ ਲਿਆਂਦੇ ਹਨ। ਠੀਕ ਇਸੀ ਗੁਰੂ ਅਰਜਨ ਦੇਵ ਨੂੰ ਜਨਮਸਾਖੀਆਂ ਲਿਖਣ ਵਾਲਿਆਂ ਵਾਂਗ ਧੋਖਾ ਕਰਨ ਦਾ ~~[illegible]~~ ਦੋਸ਼ ਦੇਈਏ॥

ਜੋ ਇਹ ਸਾਫ਼ ਹੈ ਕਿ ਸ਼ੇਖ਼ ਬ੍ਰਹਮ ਤੋਂ ੬੫ ਕੁ ਵਰ੍ਹੇ ਪਿੱਛੋਂ ਅਤੇ ਸਾਥੋਂ ਤਰਾਂ ਵਰ੍ਹੇ ਪਹਿਲੋਂ ਸ਼ਲੋਕਾਂ ਦੇ ਸਬਦਾਂ ਨੂੰ ਸ਼ੇਖ਼ ਫ਼ਰੀਦ ਸ਼ਕਰਗੰਜ ਦੀ ਹੀ ਬਾਣੀ ਜਾਣਦੇ ਸਨ, ਅਤੇ ਉਹਨਾਂ ਦਾ ਫ਼ੈਸਲਾ ਸਾਡੇ ਲਈ ਜ਼ਿੰਮੇਵਾਰ ਹੈ। ਸਾਡੇ ਲਿਖੂ

Original with:
Anup Singh, Noida
Digitized by:
Panjab Digital Library

36 pages

ਮੁਸਲਮਾਨ ਪੀਰ ਤਕ ਇਹੋ ਜਿਹੇ ਆਏ ਹਨ ਅਤੇ ਉਹਨਾਂ ਦੀਆਂ ਅਤੇ ਸਿੱਖਾਂ ਦੀਆਂ ਆਪਣੀਆਂ ਟੀਕਾ ਟਿਪਣੀਆਂ ਦੋਸ਼ ਜਿਸਦੇ ਉਤੇ ਨਿਰਭਰ ਹਨ। ਖਾਲੀ ਰਹਿ ਨਵੀਨ ਸਿਖਾਂ ਨੂੰ ਜਨਮਸਾਖੀਆਂ ਦੇ ਲਿਖਾਰੀਆਂ ਨੂੰ ਠੀਕ ਸਿੱਧ ਕਰਨ ਖਾਤਰ ਦੋਸ਼ ਨਹੀਂ ਸਮਝਣ ਵਰਤਨ ਦੀ ਲੋੜ ਪਈ ਹੈ।

(੩)

ਹੁਣ ਅਸੀਂ ਇਕ ਹੋਰ ਮਜ਼ਬੂਤ ਦਲੀਲ ਤੇ ਆਉਂਦੇ, ਜੋ ਜਿਸਦਾ ਮਿਸਟਰ ਮੈਕਾਲਿਫ ਦੇ ਪੱਖ ਦਾ ਖੰਡਨ ਹੁੰਦਾ ਹੈ। ਸਲੋਕਾਂ ਸ਼ਬਦਾਂ ਵਿਚ ਜਿੰਨੇ ਦੀ ਜ਼ਾਤੀ ਵਾਕਿਆਤ ਦਾ ਇਸ਼ਾਰਾ ਹੈ, ਉਹ ਸਭ ਬਾਬਾ ਫ਼ਰੀਦ ਦੇ ਜੀਵਨ ਦੀਆਂ ਸੁਖ ਤੇ ਆਮ ਪ੍ਰਸਿੱਧ ਘਟਨਾ ਹਨ, ਅਤੇ ਉਹਨਾਂ ਦਾ ਕਥਨ ਉੱਤਮ ਪੁਰਖ ਵਿਚ ਮੈਂ ਜੋਗੀ ਮੈਨੂੰ ਕਰਕੇ ਕੀਤਾ ਜੀ ਫ਼ਰੀਦ ਦੀ ਵੱਡੀ ਲੱਮੀ ਉਮਰ, ਉਹਨਾਂ ਦੇ ਪਾਕਪਟਨ ਜਾਕੇ ਰੇਗਸਤਾਨ, ਕਾਠ ਦੀ ਰੋਟੀ, ਖੂਹ ਵਿਚ ਪੁੱਠਾ ਲਟਕੇ ਇਬਾਦਤ ਕਰਨਾ, ਕਾਵਾਂ ਦਾ ਪੈਰਾਂ ਦੀਆਂ ਤਲੀਆਂ ਠੂੰਗਣਾ ਅਤੇ ਪੰਛੀਆਂ ਦੇ ਸਿਰ ਦੇ ਵਾਲਾਂ ਵਿਚ ਆਲ੍ਹਣਾ ਬਣਾਉਣਾ, ਆਪਣੇ ਉਪਰ ਕਿਸੇ ਜ਼ੁਲਮ ਕਰਨੇ ਵਾਲੇ ਨੂੰ ਬਦ ਦੁਆ ਦੇਣੀ ਅਤੇ ਉਸ ਜ਼ਾਲਿਮ ਦਾ ਸ਼ਿਕਾਰ ਗਏ ਘੋੜੇ ਤੋਂ ਡਿਗਕੇ ਮਰਜਾਣਾ, ਤਖਤ ਹਜ਼ਾਰੇ ਦੇ ਕੋਲੋਂ ਦਰਜਾ ਦੇ ਹਲ ਨੂੰ ਦੁਆ ਕਰਕੇ ਦਰ ਮੈਂ ਜਾਣਾ ਆਦਿ ਇਹ ਸਭ ਬਾਬਾ ਫ਼ਰੀਦ ਦੇ ਜੀਵਨ ਦੀਆਂ ਘਟਨਾਂ ਪ੍ਰਸਿੱਧ ਹਨ (ਸਤੀਆਂ ਝੂਠੀਆਂ ਜੋ ਕੁਝ ਵੀ ਹੋਣ)। ਇਹਨਾਂ ਸਭ ਦਾ ਇਸ਼ਾਰੇ ਕੀਤੇ ਹਨ, ਦੇਖੋ ਸਲੋਕ ਨੰਬਰ ੪੧, ੫੫, ੬, ੭੦, ੨੮, ੨੬, ੬੦, ੬੧, ੬੨, ੧੧੬, ੬੫, ੬੬, ੯੪ ਅਤੇ ੪੨, ੪੩, ੯੧, ੪੭, ੫੦, ੬੭, ੭੦, ੯੦ ਵਗੈਰਾ।

ਇਹਨਾਂ ਸਲੋਕਾਂ ਸ਼ਬਦਾਂ ਵਿਚ ਹੋਰ ਕਿਸੇ ਸ਼ੇਖ਼ ਜਾਂ ਗੱਦੀਦਾਰ ਦੇ ਜੀਵਨ ~~ਦਸ਼ਾ~~ ਵੱਲ ਕੋਈ ਇਸ਼ਾਰਾ ਨਹੀਂ।

ਸਿੱਟਾ।

ਸਾਰੀ ਬਹਿਸ ਦਾ ਸਿੱਟਾ ਇਹ ਹੈ ਕਿ ਜਿਥੋਂ ਤਕ ਗਵਾਹੀ ਮਿਲਦੀ ਹੈ, ਉਹ ਸਭ ਪ੍ਰਚਲਿਤ ਨਿਸ਼ਚੇ ਦੇ ਹੱਕ ਵਿਚ ਹੈ, ਅਤੇ ਉਹ ਮੈਕਾਲਿਫ ਸਾਹਿਬ ਦੇ ਦਾਅਵੇ ਦਾ ਖੰਡਨ ਕਰਦੀ ਹੈ॥

Original with:
Anup Singh, Noida
Digitized by:
Panjab Digital Library

ਆਸਾ ਦੇਸ ਵਿਚ ਸ਼ੇਖ਼ ਫਰੀਦ ਨਾਲ ਗੋਸ਼ਟ।

ਉਪਰ ਅਸੀਂ ਦਸ ਆਏ ਹਾਂ ਕਿ ਗੁਰੂ ਬਾਬਾ ਨੂੰ ਫੇਰ ਸੇਖ ਫਰੀਦ ਨਾਲ ਮਿਲਣੇ ਦੀ ਇਹਨਾਂ ਜਨਮਸਾਖੀਆਂ ਵਿਚ ਦਿਖਾਇਆ ਹੈ। ਅਸੀਂ ਏਥੇ ਪੁਰਾਣੀ ਬਾਲੇ ਵਾਲੀ ਜਨਮਸਾਖੀ* ਵਿਚੋਂ ਸੰਖੇਪ ਦੇਂਦੇ ਹਾਂ, ਜਿਸ ਤੋਂ ਸਾਫ ਨਜ਼ਰ ਆ ਜਾਏਗਾ ਕਿ ਸਿਖਾਂ ਨੇ ਸ਼ੇਖ਼ ਫਰੀਦ ਤੋਂ ਮੁਰਾਦ ਸ਼ੇਖ਼ ਫ਼ਰੀਦ ਸ਼ਕਰਗੰਜ ਜਾਂ ਬਾਬਾ ਫਰੀਦ ਤੋਂ ਹੀ ਲਿਆ ਹੈ, ਉਹਨਾਂ ਨੇ ਏਸ ਨੂੰ 'ਸ਼ੇਖ਼ ਬ੍ਰਹਮ' ਨਾਲ ਨਹੀਂ ਮਿਲਾਇਆ, ਜਾਣੂ ਅਣਜਾਣੂ ਰਖਿਆ ਹੈ। ਇਸ ਗੋਸ਼ਟ ਵਿਚ ਸ਼ੇਖ਼ ਫਰੀਦ ਦੇ ਬਹੁਤ ਸਾਰੇ ~~ਸਲੋਕ~~ ਆਸਾ ਸ਼ਬਦ ਵਰਤੇ ਹਨ, ਜੋ ਸਲੋਕਾਂ ਤੋਂ ਪਹਿਲੇ ਗਰੰਥ ਸਾਹਿਬ ਵਿਚ ਆਏ ਹੋਏ ਦਿਤੇ ਹਨ। ਸਾਡਾ ਇਹ ਮਤਲਬ ਨਹੀਂ ਜੋ ਇਹ ਸਾਖੀ ਸਚਾਈ ਹੈ, ਇਹ ਸਿਰਫ਼ ਫਰੀਦ ਦੇ ਸ਼ਬਦਾਂ ਨੂੰ ਲੈਕੇ ਉਹਨਾਂ ਵਿਚੋਂ ਘੜੀ ਗਈ ਹੈ ਜਿਵੇਂ ਹੋਰ ਬਹੁਤ ਸਾਰੀਆਂ ਸਾਖੀਆਂ ਘੜੀਆਂ ਗਈਆਂ ਹਨ। ਪਰੰਤੂ ਸਭ ਤੋਂ ਵਡੀ ਦਲੀਲ ਹੈ, ਇਹ ਦਸਦੀ ਹੈ ਕਿ ਜਿਤਨੀ ਬਾਣੀ ਗ੍ਰੰਥ ਸਾਹਿਬ ਵਿਚ ਸ਼ੇਖ਼ ਫਰੀਦ ਦੇ ਨਾਮ ਤੇ ਦਿਤੀ ਹੈ ਕੀ ਸਲੋਕ ਤੇ ਕੀ ਸ਼ਬਦ ਉਹ ਸਭ ਬਾਬਾ ਫਰੀਦ ਜਾਂ ਸ਼ੇਖ਼ ਫਰੀਦ ਸ਼ਕਰਗੰਜ ਦੀ ਹੀ ਜਾਣਕੇ ਦਿੱਤੀ ਗਈ ਹੈ, ਅਤੇ ਇਹੋ ਨਿਸਚਾ ਗੁਰੂ ਸਾਹਿਬਾਨ ਅਤੇ ਹੁਣ ਤਕ ਸਾਰੇ ਸਿਖਾਂ ਦਾ ਰਿਹਾ ਹੈ॥

ਸਾਖੀ ਆਸਾ ਦੇਸ ਕੀ ਚਲੀ।

ਤਾਂ ਫੇਰ ਗੁਰੂ ਨਾਨਕ ਜੀ ਆਸਾ ਦੇਸ ਮੈਂ ਜਾਇ ਵੜੇ। ਅਗੇ ਸ਼ੇਖ਼ ਫਰੀਦ ਜੰਗਲ ਮੈਂ ਬੈਠਾ ਥਾ। ਸ਼ੇਖ਼ ਫਰੀਦ ਗੁਰੂ ਜੀ ਆਇਆ ਤਾਂ ਦਸਤਪੰਜਾ ਲੈਕਰ ਖੜਾ ਗਿਆ ਅਤੇ ਗੋਸ਼ਟ ਕੀਤੀ। ਸ਼ੇਖ਼ ਫਰੀਦ ਗੁਰੂ ਬਾਬੇ ਜੀ ਨੂੰ ਪੁਛਿਆ:—

ਆਪੇ ਤੈਂ ਲੋੜੂ ਮੁਕਰਮੀ, ਆਪੇ ਤਾਂ ਅਹਾਰ ਸੇਹੂ।
ਦਾ ਬੇੜੀ ਨ ਜੰਤ ਪਰ ਅੰਤ ਦੈਨੈ ਤਖਰ ਲੋਹੁ।

ਤਬ ਗੁਰੂ ਬਾਬੇ ਜੀ (ਜੋ ਉਦਾਸੀ ਦੇ ਭੇਖ ਵਿਚ ਸਨ) ਜਵਾਬ ਦਿਤਾ:—

ਸਲੋਕ। ਦੇਹੀ ਬੇੜੀ ਜਗਤ ਪਰ, ਦੇਹੀ ਤਖਰ ਸਾਹੂ।
ਕੋਈ ਬੇੜੀ ਡੁਬਸੀ ਕੋਈ ਲਗੇ ਪਾਰ॥੧॥
ਨਾ ਪਾਣੀ ਨਾ ਬੇੜੀਆਂ ਨਾ ਡੁਬੇ ਨਾ ਜਾਇ।
ਨਾਨਕ ਤਖਰ ਸਚ ਪਰ ਸਹਿਜੇ ਰਹਿਆ ਸਮਾਇ॥੨॥

ਤਾਂ ਸ਼ੇਖ਼ ਫਰੀਦ ਬੋਲਿਆ:—

ਸਲੋਕ ਫਰੀਦਾ! ਤਨ ਰਹਿਆ ਮਨ ਫਟਿਆ ਤਾਗਤ ਰਹੀ ਨ ਕਾਇ।
ਉਠੀ ਪ੍ਰੀਤ ਤਬੀਬ ਕੀ, ਉਹ ਕਾਰੀ ਦਾਰੂ ਲਾਇ॥੩॥

ਤਬ ਗੁਰੂ ਬਾਬੇ ਜੀ ਜਵਾਬ ਦਿਤਾ:—

---

* ਬਾਵੇ ਹਜ਼ੂਰੀ ਦੇ ਵਾਰਤਾ ਨੇ ਇਹ ਪੁਰਾਤਨ ਜਨਮ ਸਾਖੀ ਤੋਂ ਹੀ ਨਕਲ ਕੀਤੀ ਹੈ।

Original with: Anup Singh, Noida
Digitized by: Panjab Digital Library

ਸ਼ਲੋਕ। ਸਜਣ ਸਚ ਪਰਖ ਮੁਖ ਅਲਾਵਣ ਥੋਥਰਾ।
ਨਾਨਕ! ਮਨ ਮਝਾਹੂ ਲਖਿ ਤੁਧੋ ਦੂਰ ਨ ਸੁ ਪਿਰੀ।

ਤਦ ਸ਼ੇਖ਼ ਫ਼ਰੀਦ ਸ਼ਬਦ ਰਾਗ ਸੂਹੀ ਵਿਚ ਬੋਲਿਆ:—

ਬੇੜਾ ਬੰਧ ਨ ਸਕਿਓ ਬੰਧਨ ਕੀ ਵੇਲਾ।
ਭਰ ਸਰਵਰ ਜਬ ਊਛਲੈ ਤਬ ਤਰਨ ਦੁਹੇਲਾ।
ਹਥ ਨ ਲਾਇ ਕਸੁੰਭੜੈ ਜਲ ਜਾਸੀ ਢੋਲਾ॥੧॥ ਰਹਾਉ॥
ਇਕ ਆਪੀਨੈ ਪਤਲੀ ਸਹੁ ਕੇਰੇ ਬੋਲਾ।
ਦੁਧਾ ਥਣੀ ਨ ਆਵਈ, ਫਿਰ ਹੋਇ ਨ ਮੇਲਾ।
ਕਹੈ ਫਰੀਦ ਸਹੇਲੀਓ ਸਹੁ ਅਲਾਏਸੀ।
ਹੰਸ ਚਲਸੀ ਡੁੰਮਣਾ ਅਹਿ ਤਨ ਢੇਰੀ ਥੀਸੀ॥੨॥

ਤਾਂ ਗੁਰੂ ਬਾਬੇ ਜੀ ਜਵਾਬ ਵਿਚ, ਸ਼ਬਦ ਕੀਤਾ ਰਾਗ ਸੂਹੀ:—

ਜਪ ਤਪ ਕਾ ਬੰਧ ਬੇੜੁਲਾ ਜਿਤ ਲੰਘੇ ਵਹੇਲਾ।
ਨਾ ਸਰਵਰ ਨਾ ਊਛਲੈ ਐਸਾ ਪੰਥ ਸੁਹੇਲਾ॥੧॥
ਤੇਰਾ ਏਕੋ ਨਾਮ ਮੰਜੀਠੜਾ, ਰਤਾ ਮੇਰਾ ਚੋਲਾ ਸਦ ਰੰਗ ਢੋਲਾ।੧ ਰਹਾਉ
ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ।
ਆਵਾਗਉਣ ਨਿਵਾਰਸੀ ਸਚ ਹੋਵੈ ਸੋਈ।
ਹਉਮੈ ਮਾਰ ਨਿਵਾਰਸੀ, ਸੀਤਾ ਹੈ ਚੋਲਾ।
ਗੁਰ ਬਚਨੀ ਫਲ ਪਾਇਆ, ਸਹ ਕੇ ਅੰਮ੍ਰਿਤ ਬੋਲਾ।੩॥
ਨਾਨਕ ਕਹੈ ਸਹੇਲੀਓ ਸਹੁ ਖਰਾ ਪਿਆਰਾ।
ਹਮ ਸਹ ਕੇਰੀਆ ਦਾਸੀਆ ਸਾਚਾ ਖਸਮ ਹਮਾਰਾ॥੪॥

(ਇਹ ਸਾਫ਼ ਦਿਸ ਰਿਹਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਸ਼ਬਦ, ਫ਼ਰੀਦ ਦੇ ਸ਼ਬਦ ਨੂੰ ਸਾਹਮਣੇ ਰਖਕੇ ਕਹਿਆ ਗਿਆ ਹੈ। ਦੋਵੇਂ ਗ੍ਰੰਥ ਸਾਹਿਬ ਵਿਚ ਰਾਗ ਸੂਹੀ ਵਿਚ ਦਿਤੇ ਹਨ।)

ਤਬ ਸ਼ੇਖ਼ ਫ਼ਰੀਦ ਬੋਲਿਆ ਰਾਗ ਆਸਾ ਵਿਚ ਸ਼ਬਦ ਕੀਤਾ:—

ਦਿਲਹੁ ਮੁਹਬਤ ਜਿਨ, ਸੇਈ ਸਚਿਆ।
ਜਿਨ ਮਨ ਹੋਰ ਮੁਖ ਹੋਰ, ਸਿ ਕਾਂਢੇ ਕਚਿਆ।
ਰਤੇ ਇਸ਼ਕ ਖ਼ੁਦਾਇ, ਰੰਗ ਦੀਦਾਰ ਕੇ।
ਵਿਸਰਿਆ ਜਿਨ ਨਾਉ, ਤੇ ਭੁਇ ਭਾਰ ਥੀਏ॥੧॥ ਰਹਾਉ॥
ਆਪ ਲੀਏ ਲੜ ਲਾਇ, ਦਰ ਦਰਵੇਸ਼ ਸੇ।
ਤਿਨ ਧੰਨ ਜਣੇਦੀ ਮਾਉ, ਆਏ ਸਫਲ ਸੇ॥੨॥
ਪਰਵਦਗਾਰ ਅਪਾਰ, ਅਗੰਮ ਬੇਅੰਤ ਤੂੰ।
ਜਿਨਾ ਪਛਾਤਾ ਸਚ, ਚੁੰਮਾ ਪੈਰ ਮੂੰ॥੩॥
ਤੇਰੀ ਪਨਹ ਖ਼ੁਦਾਇ, ਤੂੰ ਬਖ਼ਸ਼ੰਦਗੀ।
ਸ਼ੇਖ਼ ਫ਼ਰੀਦੈ ਖੈਰ ਦੀਜੈ ਬੰਦਗੀ॥੪॥

Original with:
Anup Singh, Noida
Digitized by:
Panjab Digital Library

ਤਾਂ ਬਾਬੇ ਸ਼ਬਦ ਬੋਲਿਆ ਰਾਗੁ ਸੂਹੀ ਮਹਲਾ ੧ ਸੁਚਜੀ:—

ਜਾ ਤੂੰ ਤਾਂ ਮੈਂ ਸਭੁ ਕੋ ਤੂੰ ਸਾਹਿਬ ਮੇਰੀ ਰਾਸ ਜੀਉ।
ਤੁਧ ਅੰਦਰ ਹਉ ਸੁਖ ਵਸਾਂ, ਤੂੰ ਅੰਦਰਿ ਸਾਬਾਸ ਜੀਉ।
~~ਭਾਣੈ~~ ਭਾਣੈ ਤਖਤ ਵਡਿਆਈਆਂ, ਭਾਣੈ ਭੀਖ ਉਦਾਸ ਜੀਉ।
ਭਾਣੈ ਥਲ ਸਿਰ ਸਰੁ ਵਹੈ ਕਮਲ ਫੁਲੈ ਆਕਾਸ ਜੀਉ।
ਭਾਣੈ ਭਉਜਲ ਲੰਘੀਐ, ਭਾਣੈ ~~ਮੰਝ~~ ਮੰਝ ਭਰੀਆਸ ਜੀਉ।
ਭਾਣੈ ਸੁ ਸਹੁ ਰੰਗਲਾ ਸਿਫਤ ਰਤਾ ਗੁਣਤਾਸ ਜੀਉ।
ਭਾਣੈ ਸਹੁ ਭੀਹਾਵਲਾ ਹਉ ਆਵਣ ਜਾਣ ~~ਮੁਈ~~ ਮੁਈਆਸ ਜੀਉ।
ਤੂੰ ਸਹੁ ਅਗਮੁ ਅਤੋਲਵਾਂ ਹਉ ਕਹਿ ਕਹਿ ਢਹਿ ਪਈ ਆਸ ਜੀਉ।
ਕਿਆ ਮਾਂਗਉ ਕਿਆ ਕਹਿ ਸੁਣੀ ਮੈਂ ਦਰਸਨ ਭੁਖ ਪਿਆਸ ਜੀਉ।
ਗੁਰ ਸ਼ਬਦੀ ਸਹੁ ਪਾਇਆ ਸਚ, ਨਾਨਕ ਕੀ ਅਰਦਾਸ ਜੀਉ।੧।

(ਦੋਵੇਂ ਸ਼ਬਦ ਉਪਰ ਦਿਤੇ ਗਏ ਹਨ ਅਤੇ ਇਕ ਦੂਜੇ ਨਾਲ ਢੁਕਦੇ ਹਨ। ਪਰ ਇਹ ਜ਼ਰੂਰੀ ਨਹੀਂ ਜੋ ਗੁਰੂ ਨਾਨਕ ਦਾ ਸ਼ਬਦ, ਬਾਬੇ ਫ਼ਰੀਦ ਦੇ ਸ਼ਬਦ ਨੂੰ ਸੁਣ ਕਰਕੇ ਕਿਹਾ ਗਿਆ ਹੈ। ਪਰ ਦੋਵੇਂ ਗੰਭੀਰ ਸਾਹਿਤ ਹਨ।)

ਨਾਨਕ ਜੀ ਤੇ ਸ਼ੇਖ਼ ਫ਼ਰੀਦ ਜੀ ਸਾਰੀ ਰਾਤ ਬਾਹਰ ਹੀ ਇਕੱਠੇ ਜੰਗਲ ਵਿਚ ਰਹੇ। ਤਾਂ ਇਕ ਮੁਰੀਦ ਦਾ ਭੇਜਿਆ ਤਬਰਕਾਤ ਦੁਧ ਦਾ ਕਟੋਰਾ ਲੈ ਆਇਆ ਅਤੇ ਵਿਚ ਚਾਰ ਮੁਹਰਾਂ ਪਾਈਓਸੁ, ਪਿਛਲੀ ਰਾਤ॥ ਤਾਂ ਸ਼ੇਖ਼ ਫ਼ਰੀਦ ਦੋਹਾਂ ਆਪਣਾ ਹਿੱਸਾ ਪਾ ਲਿਆ ਤੇ ਗੁਰੂ ਨਾਨਕ ਜੀ ਦਾ ਹਿੱਸਾ ਤਬਾਕ ਵਿਚ ਹੀ ਰਖ ਛਡਿਓਸੁ। (ਗੁਰੂ ਨਾਨਕ ਜਦ ਉਠੇ ਤਾਂ ਓਹ ਦੁਧ ਪੀਤਾ ਅਤੇ ਦੇਖਾਂ ਚਾਰ ਮੁਹਰਾਂ ਪਈਆਂ ਸਨ, ਇਤਨੇ ਵਿਚ) ਸ਼ੇਖ਼ ਫ਼ਰੀਦ ਬੋਲਿਆ:—

ਪਹਿਲਾ ਪਹਿਰੇ ਫੁਲੜਾ ਫਲ ਭੀ ਪਛਾ ਰਾਤਿ।
ਜੋ ਜਾਗੰਨਿ ਸੋ ਲਹਿਨਗੇ ਸਾਈ ਕੰਨੋ ਦਾਤਿ।*

ਤਬ ਸ੍ਰੀ ਬਾਬੇ ਜੀ ਜਵਾਬ ਦਿਤਾ:—

ਨਾਨਕ! ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸ ਨਾਲਿ।
ਇਕਿ ਜਾਗੰਦੇ ਨਾ ਲਹਨਿ ਇਕਨਾ ਸੁਤਿਆ ਦੇਇ ਉਠਾਲਿ।*

ਤਾਂ ਸ੍ਰੀ ਗੁਰੂ ਨਾਨਕ ਜੀ ਆਖਿਆ, ਸ਼ੇਖ਼ ਫ਼ਰੀਦ! ਤੂੰ ਇਸ ਦੁਧ ਵਿਚ ਹੱਥ ਪਾ ਕੇ ਦੇਖ ਜੋ ਇਸ ਬਰਤਨ ਵਿਚ ਕਿਆ ਹੈ। ਤਾਂ ਸ਼ੇਖ਼ ਫ਼ਰੀਦ ਨੇ ਬਰਤਨ ਵੇਖਿਆ ਤਾਂ ਉਸ ਵਿਚ ਚਾਰ ਮੁਹਰਾਂ ਹੈਨ। ਤਾਂ ਗੁਰੂ ਨਾਨਕ ਜੀ ਇਕ ਸ਼ਬਦ ਰਾਗ ਤੁਖਾਰੀ ਵਿਚ ਸੁਣਾਇਆ। ਪਹਿਲੇ ਪਹਿਰੇ ਨੈਣ ਸਲੋਨੜੀਏ ਰੈਣ ਅੰਧਿਆਰੀ ਰਾਮ।......

([illegible] ਨਾਨਕ ਸੁਣਿ ਸ਼ਬਦ ਸਿਆਣੇ ਤਿਤੁ ਪ੍ਰਭ ਕਾਰਣ ਦੀਆ ॥੧॥ ੨॥

(ਜ਼ਰੂਰ ਪਹਿਲੇ ਦੀ ਸਾਂਝ ਉਪਜਣੇ ਸਲੋਕਾਂ ਨਾਲ ਹੈ, ਇਸ ਸ਼ਬਦ ਨੂੰ ਮਜ਼ਮੂਨ ਦਾਸ ਤੌਰ ਕੋਈ ਸੰਬੰਧ ਨਹੀਂ। ਸਲੋਕਾਂ ਨੂੰ ਉਸ ਸਿਲਸਿਲੇ ਵਿਚ ਰਖਦਿਆਂ, ਇਕਦਮ ਵਾਹੀ ਨਾਲ ਮੇਲ ਕੀਤਾ ਹੈ।)

ਤਾਂ ਬਾਬਾ ਜੀ ਤੇ ਸ਼ੇਖ਼ ਫ਼ਰੀਦ ਉਥੋਂ ਤੁਰਦੇ ਹੋਏ। ਸ਼ਹਰ ਆਸਾ ਦੇਸ ਕੇ ਗਏ।

Original with:
Anup Singh, Noida
Digitized by:
Panjab Digital Library

ਆਸਾ ਦੇਸ ਦਾ ਰਾਜਾ ਸਾਸਸੁੰਦਰ ਸੀ, ਤਬ ਉਸਦਾ ਕਾਲ ਨ੍ਰਾਇਆ ਸੀ ਤੇ
ਉਸਦੀ ਖੋਪਰੀ ਜਾਂਦੀ ਨਹੀਂ, ਅਨੇਕ ਜਤਨ ਕਰ ਰਹੇ। ਆਸਾ ਦੇਸ ਦੇ ਲੋਕ
ਪਤਵਾਰੀ ਸੇ, ਰਾਜਾ ਨੇ ਇਕ ਵਾਰ ਸਿਖਿਆ ਬੋਲਿਆ ਸੀ। ਜੀ ਕਾਲੇ ਜੀ
ਪੈਰ ਅਗੈ ਧਰਿਆ, ਪੈਰ ਧਰਦੇ ਹੀ ਸੇ ਤਾਂ ਰਾਜਾ ਦੀ ਖੋਪਰੀ ਫੁਟ ਗਈ।
ਇਹ ਦੇਖਕਰ ਆਸਾ ਦੇਸ ਦੇ ਲੋਗ ਸਭ ਸ੍ਰੀ ਗੁਰੂ ਜੀ ਕੀ ਸਰਣੀ ਆਇ ਗਏ।
ਤਬ ਗੁਰੂ ਜੀ ਸਬਦ ਉਚਾਰਨ ਕੀਤਾ ਰਾਗ ਆਸਾ ਵਿਚ:-

ਮਾਤ ਪਿਤਾ ਮਿਲਿ ਪਿੰਡ ਕਮਾਇਆ। (ਪੂਰਾ)

ਤਾਂ ਲੋਕ ਅਰਜ਼ ਕੀਤੀ ਇਕ ਜੋ ਪਰਸਾਦਿ ਦੇਵੀਆਂ ਜਾਣੀ ਆਵਦੇ, ਜੋ ਸੇਖ ਫਰੀਦ
ਨੂੰ ਦੇਖਨਾ। ਜੋ ਜੀ ਆਏ, ਤਿਸ ਕਉ (ਫਰੀਦ) ਆਖੈ, ਜੋ ਮੈਂ ਖਾਂਦੀ ਹੈ ਸਾਡੇ
ਧਨੇ ਦੀ ਬਖੀ ਹੈ, ਤਬ ਆਸਾ ਦੇਸ ਦੇ ਲੋਕਾਂ ਆਖਿਆ, ਤੇ ਤੀਰੇ ਪ੍ਰਸਾਦਿ ਦੇ
ਤੂੰ ਤਾਂ ਕਿਸੇ ਕੋਠਿਆਰ ਪੁਰਖ ਦੇ ਰਹਿਣਦਾ ਹੈਂ, ਤੇ ਫਕੀਰ ਸੀ ਬੋਲਦਾ ਹੈਂ;
ਅਸਿ ਦੇਸ ਦਾ ਹੈਂ ਜਿਥੇ ਸੇਖ ਫਰੀਦ ਰਹਿੰਦਾ ਹੈ, ਤੇ ਰੋਟੀ ਕਾਠ ਦੀ ਰਖੀ ਸੁ
ਤੇ ਜੇ ਕੋਈ ਰੋਟੀ ਦੇਂਦਾ ਹੈ ਤਾਂ ਕਹਿੰਦਾ ਹੈ ਭਾਈ ਮੈਂ ਖਾਦੀ ਹੈ, ਤੇ ਰੋਟੇ ਪਾਸ
ਹੀ ਪਈ ਹੈ। ਜਾਂ ਇਹ ਬਾਤ ਸੇਖ ਫਰੀਦ ਨੇ ਸੁਣੀ ਤਾਂ ਉਸ ਕਾਠ ਦੀ ਰੋਟੀ
ਪਰਿਓ ਖੋਲਕੇ ਸੁਟ ਦਿੱਤੀ ਤੇ ਆਖਿਆ ਕਿ ਇਕ ਵਾਰ ਰਾਜੇ ਕੂੜ ਬੋਲਿਆ
ਅਤੇ ਦੇਸ ਗਰਕ ਨੂੰ ਪਹੁੰਚਿਆ ਹੈ, ਤੇ ਮੈਂ ਤਾਂ ਕਈ ਵਾਰੀ ਕੂੜ ਬੋਲਿਆ
ਹਾਂ ਤੇ ਮੇਰਾ ਕੀ ਹਾਲ ਹੋਵੇਗਾ।

ਸੇਖ ਫਰੀਦ, ਬਾਬੇ ਦੀ ਗਲ ਸੁਣਕਰ ਉਥੋਂ ਚਲੇ ਗਏ, ਅਤੇ ਗੁਰੂ ਜੀ ਉਸ ਦੇਸ
ਵਿਚ ਆਪਣੀ ਸਿਖੀ ਪਰਚਾਈ॥ ਬੋਲੋ ਭਾਈ ਜੀ ਵਾਹਿਗੁਰੂ॥ ੬੫॥

Original with;
Anup Singh, Noida
Digitized by;
Panjab Digital Library

M-5738